## ਅਧਿਆਇ 26

# ਇਸਹਾਕ ਦਾ ਫਲਿਸਤੀਆਂਵਿਚ ਵੱਸਣਾ

ਅਧਿਆਇ 26 ਘਟਨਾਵਾਂ ਦੀ ਇੱਕ ਦੁਹਰਾਈ ਹੈ, ਪਰ ਇਸ ਸਮੇਂ ਇਹ ਉਸ ਦੇ ਪਿਤਾ, ਅਬਰਾਹਾਮ ਦੀ ਬਜਾਇ ਇਸਹਾਕ ਦੇ ਨਾਲ ਬੀਤੀਆਂ ਸਨ।ਇੱਕ ਹੋਰ ਅਕਾਲ ਅਤੇ ਹੋਰ ਧੋਖੇ ਤੋਂ ਇਲਾਵਾ, ਲਿਖਤ ਪਰਮੇਸ਼ੁਰ ਦੇ ਮਹਾਨ ਵਾਇਦਿਆਂ ਦੇ ਦੁਹਰਾਏ ਜਾਣ ਨੂੰ ਪ੍ਰਸਤੁਤ ਕਰਦੀ ਹੈ।

ਗੰਭੀਰ ਵਿਦਵਾਨਾਂ ਨੇ ਦਲੀਲ ਦਿੱਤੀ ਹੈ ਕਿ ਇਸ ਅਧਿਆਇ ਦੀਆਂ ਕਹਾਣੀਆਂ ਇਸਹਾਕ ਨੂੰ ਦਰਸਾਉਂਦੀਆਂ ਹਨ ਇਹ ਅਬਰਾਹਾਮ ਦੇ ਵਿਸ਼ੇ ਵਿਚ ਭਰਮ ਦੇ ਕਾਰਣ ਹੈ। ਇਸ ਨਿਯਮ ਦੇ ਅਨੁਸਾਰ, ਕਈਆਂ ਵਿਅਕਤੀਆਂ ਨੇ ਵੱਖ-ਵੱਖ ਸਰੋਤਾਂ ਤੋਂ ਕਹਾਣੀਆਂ ਸੌਂਪੀਆਂ, ਅਤੇ ਅੰਤ ਵਿਚ ਇਸਹਾਕ ਦੇ ਨਾਮ ਨੇ ਗਲਤੀ ਦੇ ਨਾਲ ਆਪਣੇ ਪਿਤਾ ਦਾ ਸਥਾਨ ਲੈ ਲਿਆ। ਅਜਿਹਾ ਕਿਹਾ ਜਾਂਦਾ ਹੈ ਕਿ ਬਾਅਦ ਦੇ ਇੱਕ ਲੇਖਕ ਨੇ ਸੋਚਿਆ ਸੀ ਕਿ ਪਿਤਾ ਅਤੇ ਪੁੱਤਰ ਦੇ ਜੀਵਨ ਵਿਚ ਦੋ ਵੱਖੋ-ਵੱਖਰੀਆਂ ਘਟਨਾਵਾਂ ਸਨ, ਜਿਨ੍ਹਾਂ ਨੂੰ ਅਬੀਮਲਕ ਨਾਂ ਦੇ ਫਲਿਸਤੀ ਨੇ ਰਾਜੇ ਨਾਲ ਜੋੜਿਆ ਗਿਆ ਸੀ।ਇਸ ਲਈ, ਉਤਪਤ ਦਾ ਲੇਖਕ ਉਲਝਣ ਵਿਚ ਸੀ, ਅਤੇ ਇੱਥੋਂ ਤੱਕ ਕਿ ਜੇਕਰ ਅਜਿਹੀ ਘਟਨਾ ਦੇ ਪਿੱਛੇ ਕੋਈ ਵਾਸਤਵਿਕ ਇਤਹਾਸ ਸੀ, ਤਾਂ ਇਹ ਸਿਰਫ ਇਸਹਾਕ ਦੇ ਜਨਮ ਤੋਂ ਪਹਿਲਾਂ ਅਬਰਾਹਾਮ ਦੇ ਨਾਲ ਹੋਇਆ ਸੀ।

ਹਾਲਾਂਕਿ ਲੇਖਾਂ ਦੇ ਵਿਚ ਸਮਾਨਤਾ ਮੌਜੂਦ ਹੈ,[1] ਪਰ ਸਬੂਤ ਦਰਸਾਉਂਦੇ ਹਨ ਕਿ ਕਈ ਕਾਰਣਾਂ ਦੇ ਕਾਰਣ ਇਹ ਵੱਖਰੀਆਂ ਘਟਨਾਵਾਂ ਹਨ। ਪ੍ਰਾਚੀਨ ਕਨਾਨ ਵਿਚ ਅਕਸਰ ਸੋਕੇ ਪੈਂਦੇ ਸਨ, ਇਸ ਲਈ ਇਸ ਦਾ ਕੋਈ ਜਾਇਜ਼ ਕਾਰਣ ਨਹੀਂ ਹੈ ਕਿ ਲਿਖਤ ਦੋ ਵੱਖੋ ਵੱਖਰੇ ਅਕਾਲਾਂ ਦਾ ਹਵਾਲਾ ਨਹੀਂ ਦੇ ਸਕਦੀ ਹੈ ਜੋ ਇੱਕ ਪੀੜ੍ਹੀ ਤੋਂ ਬਾਅਦ ਦੂਜੀ ਪੀੜ੍ਹੀ ਵਿਚ ਪਏ ਸਨ (12:10; 26:1)। ਇੱਕ ਅਕਾਲ ਦੇ ਕਾਰਣ, ਅਬਰਾਹਾਮ ਨੂੰ ਕਨਾਨ ਦੇ ਦੱਖਣੀ ਭਾਗ ਨੂੰ ਛੱਡਣਾ ਪਿਆ, ਜਿੱਥੇ ਉਹ ਰਹਿ ਰਿਹਾ ਸੀ, ਅਤੇ ਮਿਸਰ ਵਿਚ ਜਾਣਾ ਪਿਆ (12:10)। ਇਸ ਅਧਿਆਇ ਵਿਚ, ਉਹ ਅਕਾਲ ਜਿਸ ਦੇ ਕਾਰਣ ਇਸਹਾਕ ਨੂੰ ਗਰਾਰ ਵਿਚ ਜਾਣਾ ਪਿਆ ਉਹ ਸਪੱਸ਼ਟ ਤੌਰ ਤੇ ਉਸ ਅਕਾਲ ਤੋਂਬਿਲਕੁਲ ਵੱਖਰਾ ਹੈ ਜੋ ਅਕਾਲ ਅਬਰਾਹਾਮ ਦੇ ਸਮੇਂ ਵਿਚ ਪਿਆ ਸੀ (26:1)। ਇਸ ਤੋਂ ਇਲਾਵਾ, ਪਰਮੇਸ਼ੁਰ ਨੇ ਖਾਸ ਤੌਰ ਤੇ ਇਸਹਾਕ ਨੂੰ ਨਿਰਦੇਸ਼ ਦਿੱਤੇ ਕਿ ਮਿਸਰ ਵਿਚ ਨਾ ਜਾਵੀਂ (26:2)। (3) ਇਸਹਾਕ ਦੇ ਲਈ ਨੇਗੇਵ ਨੂੰ ਛੱਡ ਕੇ ਭੂ-ਮੱਧ ਸਾਗਰ ਦੇ ਨੇੜੇ ਉੱਤਰ ਵਿਚ ਇੱਕ ਖੇਤਰ ਵਿਚ ਚਲੇ ਜਾਣਾ ਸੁਭਾਵਕ ਸੀ, ਜਿੱਥੇ ਸੋਕਾ ਨਹੀਂ ਸੀ (26:1)। ਉਸ ਦਾ ਪਿਤਾ ਅਬਰਾਹਾਮ ਵੀ ਗਰਾਰ ਵਿਚ ਰਹਿਣ ਲੱਗ ਪਿਆ ਸੀ, ਹਾਲਾਂਕਿ ਉਸ ਦੇ ਉੱਥੇ ਜਾਣ ਦਾ ਕਾਰਣ ਨਹੀਂ ਦੱਸਿਆ ਗਿਆ ਹੈ (20:1)। (4) ਅਬੀਮਲਕ ਅਬਰਾਹਾਮ ਦੀ ਪਤਨੀ ਸਾਰਾਹ ਨੂੰ ਆਪਣੇ ਜਨਾਨਖਾਨੇ ਵਿਚ ਲੈ ਗਿਆ (20:2), ਜਦਕਿ ਇਸ ਅਧਿਆਇ ਵਿਚ ਰਾਜਾ ਦਾ ਮਤਲਬ ਬਸ ਇੰਨਾ ਕੁ ਸੀ ਕਿ ਉਸ ਦੇ ਆਦਮੀਆਂ ਵਿਚੋਂ ਕੋਈ ਇਸਹਾਕ ਦੀ ਪਤਨੀ ਰਿਬਕਾਹ ਦੇ ਨਾਲ ਜਿਨਸੀ ਸੰਬੰਧ ਬਣਾ ਸਕੇ (26:10)। (5) ਜਦੋਂ ਅਬਰਾਹਾਮ ਨੇ ਅਬੀਮਲਕ ਦੇ ਨਾਲ

ਝੂਠ ਬੋਲਿਆ, ਤਾਂ ਪਰਮੇਸ਼ੁਰ ਨੇ ਰਾਜੇ ਨੂੰ ਦੱਸਿਆ ਕਿ ਸਾਰਾਹ ਇੱਕ ਵਿਆਹੀ ਹੋਈ ਇਸਤਰੀ ਸੀ (20:3); ਉਸ ਨੇ ਅਬੀਮਲਕ ਦੀ ਪਤਨੀ ਅਤੇ ਉਸ ਦੇ ਜਨਾਨਖਾਨੇ ਦੀਆਂ ਸਾਰੀਆਂ ਇਸਤਰੀਆਂ ਦੀਆਂ ਕੁੱਖਾਂ ਨੂੰ ਬੰਦ ਕਰ ਦਿੱਤਾ ਸੀ (20:17, 18)। ਇਸ ਇੱਕ ਇਕਦਮ ਅਨੋਖੀ ਘਟਨਾ ਨੇ ਗਰਾਰ ਦੇ ਰਾਜੇ ਨੂੰ ਇਸਹਾਕ ਦੇ ਧੋਖੇ ਦੇ ਵਿਸ਼ੇ ਵਿਚ ਸਾਵਧਾਨ ਕਰ ਦਿੱਤਾ: ਜਦੋਂ ਉਸ ਨੇ ਵੇਖਿਆ ਕਿ ਰਿਬਕਾਹ ਦੇ ਨਾਲ ਉਸ ਦਾ ਪਤੀ ਕਲੋਲ ਕਰ ਰਿਹਾ ਸੀ (26:8)।

ਇਹ ਕੋਈ ਅਚਰਜ ਦੀ ਗੱਲ ਨਹੀਂ ਹੈ ਕਿ ਅਬਰਾਹਾਮ ਅਤੇ ਇਸਹਾਕ ਨੇ ਸਮਾਨ ਚੀਜ਼ਾਂ ਦਾ ਸਾਹਮਣਾ ਕੀਤਾ ਸੀ। ਉਨ੍ਹਾਂ ਦੇ ਧੋਖੇ ਦੇ ਸੰਬੰਧ ਵਿਚ, ਇਤਹਾਸ ਅਤੇ ਤਜ਼ਰਬਾ ਸਾਨੂੰ ਸਿਖਾਉਂਦਾ ਹੈ ਕਿ ਬੱਚੇ ਅਕਸਰ ਮਾਤਾ-ਪਿਤਾ ਦੀਆਂ ਗਲਤੀਆਂ ਨੂੰ ਦੁਹਰਾਉਂਦੇ ਹਨ। ਪਰ, ਇਸ ਮਾਮਲੇ ਵਿਚ, ਇਸ ਗੱਲ ਦਾ ਪੱਕਾ ਪਤਾ ਨਹੀਂ ਹੈ ਕਿ ਇਸਹਾਕ ਨੂੰ ਉਸ ਧੋਖੇ ਦੇ ਵਿਸ਼ੇ ਵਿਚ ਪਤਾ ਸੀ ਕਿ ਉਸ ਦੇ ਮਾਤਾ ਪਿਤਾ ਫਲਿਸਤੀ ਰਾਜੇ ਦੇ ਸਾਹਮਣੇ ਗਰਾਰ ਵਿਚ ਫਸ ਗਏ ਸਨ (20:5), ਇੱਕ ਘਟਨਾ ਜੋ ਉਸ ਦੇ ਜਨਮ ਤੋਂ ਪਹਿਲਾਂ ਵਾਪਰੀ ਸੀ (21:3)।

## ਇਸਹਾਕ ਗਰਾਰ ਵਿਚ (26:1-22)

### ਇਸਹਾਕ ਨੂੰ ਪਰਮੇਸ਼ੁਰ ਦੀ ਵਾਇਦਾ (26:1-5)

**1ਉਸ ਦੇਸ ਵਿੱਚ ਇੱਕ ਕਾਲ ਪਹਿਲੇ ਕਾਲ ਤੋਂ ਬਿਨਾਂ ਜਿਹੜਾ ਅਬਰਾਹਾਮ ਦੇ ਦਿਨਾਂ ਵਿੱਚ ਪਿਆ ਸੀ ਪੈ ਗਿਆ ਤਾਂ ਇਸਹਾਕ ਅਬੀਮਲਕ ਕੋਲ ਜਿਹੜਾ ਫਲਿਸਤੀਆਂ ਦਾ ਰਾਜਾ ਸੀ ਗਰਾਰ ਨੂੰ ਚਲਾ ਗਿਆ। 2ਤਦ ਯਹੋਵਾਹ ਨੇ ਉਹ ਨੂੰ ਦਰਸ਼ਨ ਦੇਕੇ ਆਖਿਆ, ਮਿਸਰ ਨੂੰ ਨਾ ਉੱਤਰੀਂ ਪਰ ਉਸ ਦੇਸ ਵਿੱਚ ਵੱਸੀਂ ਜਿਹੜਾ ਮੈਂ ਤੈਨੂੰ ਦੱਸਾਂਗਾ। 3ਤੂੰ ਉਸ ਦੇਸ ਵਿੱਚ ਜਾ ਟਿੱਕੀਂ। ਮੈਂ ਤੇਰੇ ਅੰਗ ਸੰਗ ਹੋਵਾਂਗਾ ਅਰ ਤੈਨੂੰ ਬਰਕਤ ਦਿਆਂਗਾ ਕਿਉਂਜੋ ਮੈਂ ਤੈਨੂੰ ਅਰ ਤੇਰੀ ਅੰਸ ਨੂੰ ਏਹ ਸਾਰੇ ਦੇਸ ਦਿਆਂਗਾ। ਮੈਂ ਉਸ ਸੌਂਹ ਨੂੰ ਜਿਹੜੀ ਮੈਂ ਤੇਰੇ ਪਿਤਾ ਅਬਰਾਹਾਮ ਨਾਲ ਖਾਧੀ ਸੀ ਪੂਰੀ ਕਰਾਂਗਾ। 4ਅਰ ਮੈਂ ਤੇਰੀ ਅੰਸ ਨੂੰ ਅਕਾਸ਼ ਦੇ ਤਾਰਿਆਂ ਵਾਂਙੁ ਵਧਾਵਾਂਗਾ ਅਰ ਮੈਂ ਤੇਰੀ ਅੰਸ ਨੂੰ ਏਹ ਸਾਰੇ ਦੇਸ ਦਿਆਂਗਾ ਅਰ ਤੇਰੀ ਅੰਸ ਤੋਂ ਧਰਤੀ ਦੀਆਂ ਸਾਰੀਆਂ ਕੌਮਾਂ ਬਰਕਤ ਪਾਉਣਗੀਆਂ। 5ਕਿਉਂਜੋ ਅਬਰਾਹਾਮ ਨੇ ਮੇਰੀ ਅਵਾਜ਼ ਨੂੰ ਸੁਣਿਆ ਅਰ ਮੇਰੇ ਫਰਜ਼ਾਂ ਅਰ ਮੇਰੇ ਹੁਕਮਾਂ ਅਰ ਮੇਰੀ ਬਿਧੀਆਂ ਅਰ ਮੇਰੀਆਂ ਬਿਵਸਥਾ ਦੀ ਪਾਲਨਾ ਕੀਤੀ।**

**ਆਇਤ 1.** ਉਤਪਤ ਦੇ ਲੇਖਕ ਨੇ ਇਹ ਕਹਿੰਦੇ ਹੋਏ ਇਸ ਭਾਗ ਨੂੰ ਸ਼ੁਰੂ ਕੀਤਾ ਕਿ ਕਨਾਨ **ਦੇਸ ਵਿੱਚ ਇੱਕ ਕਾਲ** ਪਿਆ। ਇਹ ਕਾਲ ਉਸ ਕਾਲ ਦੇ ਵਾਂਗ ਸੀ ਜੋ **ਅਬਰਾਹਾਮ ਦੇ ਦਿਨਾਂ ਵਿੱਚ ਪਿਆ ਸੀ** (12:10)। ਸੰਕਟ ਤੋਂ ਬਚਣ ਦੇ ਲਈ, **ਇਸਹਾਕ ਗਰਾਰ ਨੂੰ ਚਲਾ ਗਿਆ**, ਇਹ ਉਹ ਇਲਾਕਾ ਸੀ ਜਿੱਥੇ ਇੱਕ ਵਾਰ ਉਸ ਦਾ ਪਿਤਾ ਵੱਸਣ ਦੇ ਲਈ ਗਿਆ ਸੀ (20:1)। ਇਸ ਸ਼ਹਿਰ ਨੂੰ **ਫਲਿਸਤੀਆਂ ਦੇ ਰਾਜਾ** ਦੇ ਦੁਆਰਾ ਨਿਯੰਤਰਿਤ ਕੀਤਾ ਜਾਂਦਾ ਸੀ। "ਅਬੀਮਲਕ" ਨਾਮ ਦਾ ਅਰਥ ਹੈ "ਮੇਰਾ ਪਿਤਾ ਰਾਜਾ ਹੈ," ਅਤੇ ਇਹ ਸ਼ਾਇਦ ਗਰਾਰ ਦੇ ਸ਼ਾਸਕਾਂ ਵਿਚਲਾ ਇੱਕ ਸਿੰਘਾਸਣ ਸੀ।[2] ਪੈਂਹਠ ਜਾਂ ਪਚੱਤਰ ਸਾਲ ਪਹਿਲਾਂ, ਸ਼ਹਿਰ ਦਾ ਰਾਜਾ ਇਸੇ ਨਾਮ ਨੂੰ ਇਸਤੇਮਾਲ ਕਰ ਰਿਹਾ ਸੀ (20:2)। ਸ਼ਾਇਦ ਉਹ ਉਸ ਸ਼ਾਸਕ ਦਾ ਪਿਤਾ ਜਾਂ ਦਾਦਾ ਸੀ ਜਿਸ ਦਾ ਸਾਹਮਣਾ ਇਸਹਾਕ ਨੂੰ ਕਰਨਾ ਪਿਆ ਸੀ। "ਅਬੀਮਲਕ" ਨਾਮ ਦੀ ਤੁਲਨਾ ਸ਼ਬਦ

"ਫ਼ਿਰਾਊਨ" ਦੇ ਨਾਲ ਕੀਤੀ ਜਾ ਸਕਦੀ ਹੈ, ਜਿਸ ਦਾ ਅਰਥ "ਮਹਾਨ ਘਰ" ਹੈ, ਜੋ ਪੁਰਾਣੇ ਨੇਮ ਵਿਚ ਮਿਸਰ ਦੇ ਰਾਜਿਆਂ ਦੇ ਲਈ ਇੱਕ ਸਿਰਲੇਖ ਸੀ।

ਅਲੋਚਕਾਂ ਨੇ "ਫਿਲਿਸਤੀਆਂ ਦੇ ਰਾਜੇ" ਦੇ ਹਵਾਲੇ ਨੂੰ ਸ਼ਬਦਾਵਲੀ ਦੇ ਇੱਕ ਗੈਰ-ਇਤਹਾਸਕ ਅਤੇ ਤਾਰੀਖੀ ਗਲਤੀ ਵਾਲੇ ਹਵਾਲੇ ਦੇ ਰੂਪ ਵਿਚ ਵੇਖਿਆ। ਉਹ ਦੱਸਦੇ ਹਨ ਕਿ ਤੇਰਵੀਂ ਅਤੇ ਬਾਰਵੀਂ ਸ਼ਤਾਬਦੀ ਈ.ਪੂ. ਤੱਕ ਸ਼ਾਸਤਰੀ ਫਿਲਿਸਤੀ ਵੱਡੀ ਸੰਖਿਆ ਵਿਚ ਕਨਾਨ ਵਿਚ ਨਹੀਂ ਪਹੁੰਚੇ ਸਨ। ਇਸ ਤੋਂ ਇਲਾਵਾ ਰਾਜਿਆਂ ਨੇ ਫਿਲਿਸਤੀਆਂ ਤੇ ਸ਼ਾਸਨ ਨਹੀਂ ਕੀਤਾ ਸੀ; ਉਹ ਹੇਠ ਲਿਖੇ ਅਨੁਸਾਰ ਪੰਜਾਂ ਸ਼ਹਿਰਾਂ (ਇੱਕ ਪੈਂਟਾਪੋਲਿਸ) ਤੇ "ਪ੍ਰਭੂ" ਸਨ: ਗਥ, ਗਾਜ਼ਾ, ਅਸਕਲੋਨ, ਅਸ਼ਦੋਦ, ਅਕਰੋਨ (ਯਹੋਸ਼ੁਆ 13:3; ਨਿਆਈਆਂ 3:3; 1 ਸਮੂਏਲ 6:16-18)। ਭਾਵੇਂ ਇਹ ਨਿਰੀਖਣ ਸੱਚ ਹਨ, ਪਰ ਇਹ ਅਸਲ ਵਿਚ ਬੇਅਸਰ ਹਨ। ਸਭ ਤੋਂ ਪਹਿਲਾਂ, ਉਹ ਸ਼ਾਸਤਰੀ ਫਿਲਿਸਤੀਆਂ ਦੇ ਆਉਣ ਤੋਂ ਸੈਂਕੜੇ ਸਾਲ ਪਹਿਲਾਂ ਕਨਾਨ ਵਿਚ ਫਿਲਿਸਤੀਆਂ ਦੀ ਮੌਜੂਦਗੀ ਨੂੰ ਅਸਵੀਕਾਰ ਕਰਦੇ ਹਨ (21:32 ਦੀਆਂ ਟਿੱਪਣੀਆਂ ਨੂੰ ਵੇਖੋ)। ਦੂਸਰਾ, ਇਹ ਹੋ ਸਕਦਾ ਹੈ ਕਿ ਪਿਉ-ਦਾਦਿਆਂ ਦੇ ਸਮੇਂ ਵਿਚ ਫਿਲਿਸਤੀਆਂ ਦੇ ਕੋਲ ਗਰਾਰ ਵਿਚ ਇੱਕ ਰਾਜਾ ਸੀ ਜਦਕਿ ਬਾਅਦ ਵਿਚ ਕਨਾਨ ਦੇ ਹਮਲਾਵਰਾਂ ਨੇ ਪੰਜ ਵੱਡੇ ਸ਼ਹਿਰਾਂ ਵਿਚ "ਸਰਦਾਰਾਂ" ਦੇ ਨਾਲ ਸਰਕਾਰ ਦੇ ਇੱਕ ਵੱਖਰੇ ਰੂਪ ਦਾ ਵਿਕਾਸ ਕੀਤਾ। ਫਿਰ ਵੀ, "ਰਾਜਾ" ਸ਼ਬਦ ਦਾ ਇਸਤੇਮਾਲ ਹੁਣ ਤੱਕ ਵੀ ਉਨ੍ਹਾਂ ਵਿਚਲੇ ਕਿਸੇ ਇੱਕ ਦਾ ਵਰਣਨ ਕਰਨ ਦੇ ਲਈ ਕੀਤਾ ਜਾ ਸਕਦਾ ਸੀ (1 ਸਮੂਏਲ 21:10)।

**ਆਇਤ 2.** ਜਿਵੇਂ **ਯਹੋਵਾਹ ਅਬਰਾਹਾਮ ਤੇ ਪਰਗਟ ਹੋਇਆ ਸੀ ਉਸੇ ਤਰ੍ਹਾਂ, ਤਦ ਯਹੋਵਾਹ ਨੇ** ਇਸਹਾਕ **ਨੂੰ** ਪ੍ਰਤੱਖ **ਦਰਸ਼ਨ ਦੇ ਕੇ ਆਖਿਆ** (12:7; 17:1; 18:1), **ਮਿਸਰ ਨੂੰ ਨਾ ਉੱਤਰੀਂ**। ਸੋਕੇ ਦੇ ਕਾਰਣ, ਇਹ ਸੰਭਵ ਹੈ ਕਿ ਇਸਹਾਕ ਨੇ ਅਕਾਲ ਤੋਂ ਬਚਣ ਦੇ ਲਈ ਪਹਿਲਾਂ ਮਿਸਰ ਵਿਚ ਜਾਣ ਦੇ ਵਿਚਾਰ ਬਾਰੇ ਸੋਚਿਆ ਹੋਵੇ ਜਿਵੇਂ ਉਸ ਦੇ ਪਿਤਾ ਨੇ ਕੀਤਾ ਸੀ (12:10)। ਭਾਵੇਂ ਉਸ ਦੇ ਵਿਚਾਰਾਂ ਦੇ ਵਿਸ਼ੇ ਵਿਚ ਦੱਸਿਆ ਨਹੀਂ ਗਿਆ ਹੈ, ਪਰ ਪਰਮੇਸ਼ੁਰ ਨੇ ਅਜਿਹੀ ਸੰਭਾਵਨਾ ਦਾ ਅਨੁਮਾਨ ਲਗਾਇਆ ਹੋਇਆ ਸੀ। ਇਸ ਦੀ ਬਜਾਇ, ਯਹੋਵਾਹ ਨੇ ਇਸਹਾਕ ਨੂੰ ਕਿਹਾ ਕਿ **ਉਸ ਦੇਸ** ਕਨਾਨ **ਵਿੱਚ ਵੱਸੀਂ** ਕਿਉਂਕਿ ਪਰਮੇਸ਼ੁਰ ਨੇ ਇਸ ਦੇਸ ਨੂੰ ਅਬਰਾਹਾਮ ਅਤੇ ਉਸ ਦੀ ਸੰਤਾਨ ਨੂੰ ਦੇਣ ਦੀ ਸਹੁੰ ਖਾਧੀ ਸੀ।

**ਆਇਤ 3.** ਪਰਮੇਸ਼ੁਰ ਨੇ ਸਪੱਸ਼ਟ ਤੌਰ ਤੇ ਗਰਾਰ ਦੇ ਫ਼ਿਲਿਸਤੀਨ ਸ਼ਹਿਰ ਨੂੰ ਵਾਇਦਾ ਕੀਤੇ ਹੋਏ ਦੇਸ ਦਾ ਹਿੱਸਾ ਮੰਨਿਆ, ਕਿਉਂਕਿ ਉਸ ਨੇ ਇਸਹਾਕ ਨੂੰ ਕਿਹਾ ਕਿ **ਤੂੰ ਉਸ ਦੇਸ ਵਿੱਚ ਜਾ ਟਿੱਕੀਂ**। ਸ਼ਬਦ "ਸੋਰੋਜਨ" (גּוּר, *ਗੁਰ*) ਦਾ ਅਰਥ ਹੈ ਕਿ ਉੱਥੇ ਇਸਹਾਕ ਨੂੰ ਇੱਕ "ਪਰਦੇਸੀ ਨਿਵਾਸੀ" ਦੇ ਰੂਪ ਵਿਚ ਰਹਿਣਾ ਸੀ, ਜਿਵੇਂ ਉਸ ਦੇ ਪਿਤਾ ਨੇ ਕੀਤਾ ਸੀ (20:1)। ਉੱਥੇ ਉਸ ਨੂੰ ਇੱਕ ਸੱਚੇ ਨਾਗਰਿਕ ਦੇ ਰੂਪ ਵਿਚ ਸਵੀਕਾਰ ਨਹੀਂ ਕੀਤਾ ਜਾਵੇਗਾ।

ਪ੍ਰਭੂ ਨੇ ਇਸਹਾਕ ਦੇ ਨਾਲ ਉਨ੍ਹਾਂ ਹੀ ਮੂਲ ਵਾਇਦਿਆਂ ਨੂੰ ਦੁਹਰਾਇਆ ਜੋ ਉਸ ਨੇ ਅਬਰਾਹਾਮ ਦੇ ਨਾਲ ਕੀਤੇ ਸਨ। ਉਸ ਨੇ ਕਿਹਾ, **ਮੈਂ ਤੇਰੇ ਅੰਗ ਸੰਗ ਹੋਵਾਂਗਾ ਅਰ ਤੈਨੂੰ ਬਰਕਤ ਦਿਆਂਗਾ ਕਿਉਂਜੋ ਮੈਂ ਤੈਨੂੰ ਅਰ ਤੇਰੀ ਅੰਸ ਨੂੰ ਏਹ ਸਾਰੇ ਦੇਸ ਦਿਆਂਗਾ। ਮੈਂ ਉਸ ਸੌਂਹ ਨੂੰ ਜਿਹੜੀ ਮੈਂ ਤੇਰੇ ਪਿਤਾ ਅਬਰਾਹਾਮ ਨਾਲ ਖਾਧੀ ਸੀ ਪੂਰੀ ਕਰਾਂਗਾ** (ਵੇਖੋ 12:1-3; 13:15-17; 15:7, 8, 18-21; 17:2-8; 22:17, 18)।

**ਆਇਤ 4.** ਯਹੋਵਾਹ ਨੇ ਇਸਹਾਕ ਨੂੰ ਯਕੀਨ ਦਿਵਾਇਆ ਕਿ ਉਹ ਉਸ ਦੀ **ਅੰਸ ਨੂੰ**

**ਅਕਾਸ਼ ਦੇ ਤਾਰਿਆਂ ਵਾਂਙੁ** ਵਧਾਵੇਗਾ (ਵੇਖੋ 15:5; 22:17), ਅਤੇ ਉਨ੍ਹਾਂ ਨੂੰ ਉਹ **ਸਾਰੇ ਦੇਸ** ਦੇਵੇਗਾ ਜਿਨ੍ਹਾਂ ਦੇ ਉੱਤੇ ਵਰਤਮਾਨ ਵਿਚ ਉਨ੍ਹਾਂ ਦੇ ਗੁਆਂਢੀ ਲੋਕਾਂ ਦਾ ਕਬਜ਼ਾ ਹੈ। ਉਸ ਨੇ ਅੱਗੇ ਕਿਹਾ, **ਅਰ ਤੇਰੀ ਅੰਸ ਤੋਂ ਧਰਤੀ ਦੀਆਂ ਸਾਰੀਆਂ ਕੌਮਾਂ ਬਰਕਤ ਪਾਉਣਗੀਆਂ** (ਵੇਖੋ 12:3; 22:18)। ਆਪਣੇ ਪਿਤਾ ਦੇ ਵਾਂਗ ਇਸਹਾਕ ਵੀ, ਇਨ੍ਹਾਂ ਵਾਇਦਿਆਂ ਨੂੰ ਪੂਰਾ ਹੁੰਦਾ ਵੇਖਣ ਤੋਂ ਬਿਨਾਂ ਹੀ ਮਰ ਗਿਆ; ਪਰ ਉਸ ਦੀ ਅੰਸ ਉਹ ਵਾਹਕ ਹੋਵੇਗੀ ਜਿਸ ਦੇ ਦੁਆਰਾ ਸਾਰੀਆਂ ਕੌਮਾਂ "ਬਰਕਤ" ਪਾਉਣਗੀਆਂ।

**ਆਇਤ 5.** ਇਸ ਆਇਤ ਦੀ ਭਾਸ਼ਾ ਮੋਰੀਆਹ ਪਹਾੜ ਦੀ ਭਾਸ਼ਾ ਦੀ ਯਾਦ ਦਿਵਾਉਂਦੀ ਹੈ ਜਿੱਥੇ ਅਬਰਾਹਾਮ ਨੇ ਜਗਵੇਦੀ ਬਣਾਈ ਸੀ ਅਤੇ ਆਪਣੇ ਪੁੱਤਰ ਦਾ ਬਲੀਦਾਨ ਦੇਣ ਦੇ ਲਈ ਅੱਗੇ ਵਧਿਆ ਸੀ। ਪ੍ਰਭੂ ਦੇ ਸਵਰਗਦੂਤ ਨੇ ਉਸ ਨੂੰ ਇਹ ਕੰਮ ਕਰਨ ਤੋਂ ਰੋਕਿਆ ਅਤੇ ਫਿਰ ਉਸ ਨੂੰ ਉਸ ਦੀ ਆਗਿਆਕਾਰੀ ਦੇ ਲਈ ਬਰਕਤ ਦਿੱਤੀ। ਅਬਰਾਹਾਮ ਨੂੰ ਦਿੱਤੀ ਗਈ ਅਸੀਸ, ਜੋ ਵਰਤਮਾਨ ਪ੍ਰਸੰਗ ਦੇ ਵਾਂਗ ਦਿਖਾਈ ਦਿੰਦੀ ਹੈ (26:3-5), ਇਸ ਵਾਕ ਦੇ ਨਾਲ ਸਮਾਪਤ ਹੁੰਦੀ ਹੈ "ਕਿਉਂਜੋ ਤੈਂ ਮੇਰੇ ਬੋਲ ਨੂੰ ਸੁਣਿਆ ਹੈ" (22:18)। ਇਸ ਗੱਲ ਵਿਚ ਕੋਈ ਸ਼ੱਕ ਨਹੀਂ ਹੈ ਕਿ ਇਸਹਾਕ, ਜੋ ਉਸ ਸਮੇਂ ਇੱਕ ਨੌਜਵਾਨ ਸੀ, ਉਸ ਨੇ ਉਸ ਸਮੇਂ ਸਵਰਗਦੂਤ ਨੂੰ ਉਹ ਸ਼ਬਦ ਬੋਲਦੇ ਹੋਏ ਸੁਣਿਆ ਸੀ।

ਵਰਤਮਾਨ ਪ੍ਰਸੰਗ ਵਿਚ, 22:18 ਵਿਚ ਸਵਰਗਦੂਤ ਨੇ ਜੋ ਕਿਹਾ ਸੀ ਪ੍ਰਭੂ ਨੇ ਉਸ ਦਾ ਵਿਸਤਾਰ ਕੀਤਾ। ਉਸ ਨੇ ਹੁਣ ਦੁਬਾਰਾ ਇਸਹਾਕ ਨੂੰ ਦਿੱਤੇ ਵਚਨ ਦੀ ਦੁਬਾਰਾ ਪੁਸ਼ਟੀ ਦਾ, ਇਹ ਕਹਿੰਦੇ ਹੋਏ ਕਾਰਣ ਦਿੱਤਾ ਹੈ **ਕਿਉਂਜੋ ਅਬਰਾਹਾਮ ਨੇ ਮੇਰੀ ਅਵਾਜ਼ ਨੂੰ ਸੁਣਿਆ ਅਰ ਮੇਰੇ ਫਰਜ਼ਾਂ ਅਰ ਮੇਰੇ ਹੁਕਮਾਂ ਅਰ ਮੇਰੀ ਬਿਧੀਆਂ ਅਰ ਮੇਰੀਆਂ ਬਿਵਸਥਾਂ ਦੀ ਪਾਲਨਾ ਕੀਤੀ**।[3] ਹੋਰਨਾਂ ਸ਼ਬਦਾਂ ਵਿਚ, ਪਰਮੇਸ਼ੁਰ ਇਸਹਾਕ (ਦੂਸਰੀ ਪੀੜ੍ਹੀ) ਨੂੰ ਉਸ ਦੇ ਪਿਤਾ (ਪਹਿਲੀ ਪੀੜ੍ਹੀ) ਦੇ ਵਿਸ਼ਵਾਸ ਅਤੇ ਆਗਿਆਕਾਰੀ ਦੇ ਕਾਰਣ ਅਸੀਸ ਦੇ ਰਿਹਾ ਸੀ, ਅਤੇ ਉਹ ਅਬਰਾਹਾਮ ਦੀ ਪਵਿੱਤਰਤਾ ਦੇ ਕਾਰਣ ਉਸ ਦੀ ਸੰਤਾਨ (ਤੀਸਰੀ ਪੀੜ੍ਹੀ) ਨੂੰ ਅਸੀਸ ਦੇਵੇਗਾ। ਇਸਹਾਕ ਨੂੰ ਆਪਣੇ ਪਿਤਾ ਤੋਂ ਆਤਮਿਕ ਵਿਰਾਸਤ ਪ੍ਰਾਪਤ ਹੋਈ ਸੀ, ਅਤੇ ਇਸਹਾਕ ਦੇ ਲਈ ਇਹ ਜ਼ਰੂਰੀ ਸੀ ਉਹ ਆਪਣੀ ਅੰਸ ਨੂੰ ਇਹ ਅਸੀਸ ਦੇਵੇ। ਉਹ ਇਸ ਸਥਾਨ ਤੇ ਇਸ ਗੱਲ ਨੂੰ ਨਹੀਂ ਜਾਣਦਾ ਸੀ ਕਿ ਇਹ ਵਾਇਦੇ ਏਸਾਓ ਅਤੇ ਉਸ ਦੇ ਪਰਿਵਾਰ ਦੀ ਬਜਾਇ ਯਾਕੂਬ ਅਤੇ ਉਸ ਦੀ ਅੰਸ ਦੇ ਦੁਆਰਾ ਆਉਣਗੇ।

### ਇਸਹਾਕ ਦਾ ਆਪਣੀ ਪਤਨੀ ਦੇ ਵਿਸ਼ੇ ਵਿਚ ਝੂਠ ਬੋਲਣਾ (26:6-11)

**6ਅਤੇ ਇਸਹਾਕ ਗਰਾਰ ਵਿੱਚ ਟਿਕਿਆ ਰਿਹਾ। 7ਅਰ ਉਸ ਥਾਂ ਦੇ ਮਨੁੱਖਾਂ ਨੇ ਉਸ ਦੀ ਤੀਵੀਂ ਵਿਖੇ ਪੁੱਛਿਆ ਤਾਂ ਉਸ ਆਖਿਆ, ਉਹ ਮੇਰੀ ਭੈਣ ਹੈ ਕਿਉਂਜੋ ਉਹ ਏਹ ਆਖਦਾ ਹੋਇਆ ਭੈ ਖਾਂਦਾ ਸੀ ਭਈ ਉਹ ਮੇਰੀ ਤੀਵੀਂ ਹੈ ਅਜਿਹਾ ਨਾ ਹੋਵੇ ਕਿ ਉਸ ਥਾਂ ਦੇ ਮਨੁੱਖ ਰਿਬਕਾਹ ਦੇ ਕਾਰਨ ਮੈਨੂੰ ਮਾਰ ਸੁੱਟਣ ਕਿਉਂਜੋ ਉਹ ਵੇਖਣ ਵਿੱਚ ਸੋਹਣੀ ਸੀ। 8ਤਾਂ ਐਉਂ ਹੋਇਆ ਕਿ ਜਦ ਉਹ ਉੱਥੇ ਢੇਰ ਦਿਨ ਰਿਹਾ ਤਾਂ ਅਬੀਮਲਕ ਫ਼ਿਲਿਸਤੀਆਂ ਦੇ ਰਾਜਾ ਨੇ ਇੱਕ ਤਾਕੀ ਵਿੱਚ ਦੀ ਝਾਤੀ ਮਾਰਕੇ ਡਿੱਠਾ ਤਾਂ ਵੇਖੋ ਇਸਹਾਕ ਆਪਣੀ ਤੀਵੀਂ ਰਿਬਕਾਹ ਨਾਲ ਕਲੋਲ ਕਰ ਰਿਹਾ ਸੀ। 9ਤਾਂ ਅਬੀਮਲਕ ਨੇ ਇਸਹਾਕ ਨੂੰ ਬੁਲਾਕੇ ਆਖਿਆ, ਵੇਖ ਉਹ ਸੱਚ ਮੁੱਚ ਤੇਰੀ ਤੀਵੀਂ ਹੈ ਅਰ ਤੂੰ ਕਿਉਂ ਆਖਿਆ, ਕਿ ਉਹ ਮੇਰੀ ਭੈਣ ਹੈ? ਇਸਹਾਕ ਨੇ ਉਹ ਨੂੰ ਆਖਿਆ, ਕਿਤੇ ਮੈਂ ਉਹ ਦੇ**

**ਕਾਰਨ ਮਰ ਨਾ ਜਾਵਾਂ। [10]ਅਬੀਮਲਕ ਨੇ ਆਖਿਆ, ਤੈਂ ਸਾਡੇ ਨਾਲ ਏਹ ਕੀ ਕੀਤਾ? ਜੇ ਜ਼ਰਾਕੁ ਨੂੰ ਲੋਕਾਂ ਵਿੱਚੋਂ ਕੋਈ ਤੇਰੀ ਤੀਵੀਂ ਦੇ ਸੰਗ ਲੇਟਦਾ ਤਾਂ ਤੂੰ ਸਾਡੇ ਉੱਤੇ ਪਾਪ ਚੜ੍ਹਾਉਂਦਾ। [11]ਤਾਂ ਅਬੀਮਲਕ ਨੇ ਸਾਰਿਆਂ ਲੋਕਾਂ ਨੂੰ ਏਹ ਹੁਕਮ ਦਿੱਤਾ ਕਿ ਜੋ ਕੋਈ ਏਸ ਮਨੁੱਖ ਨੂੰ ਅਰ ਏਸ ਦੀ ਤੀਵੀਂ ਨੂੰ ਹੱਥ ਲਾਵੇਗਾ ਉਹ ਜ਼ਰੂਰ ਮਾਰਿਆ ਜਾਵੇਗਾ।**

**ਆਇਤ 6.** ਦੇਸ ਵਿਚ ਅਕਾਲ ਪੈ ਜਾਣ ਦੇ ਕਾਰਣ, **ਇਸਹਾਕ ਗਰਾਰ ਵਿੱਚ ਟਿਕਿਆ ਰਿਹਾ**। "ਟਿਕਿਆ" ਸ਼ਬਦ ਇਬਰਾਨੀ ਕਿਰਿਆ יָשַׁב (*ਯਸ਼ਬ*) ਤੋਂ ਨਿਕਲਿਆ ਹੈ, ਜਿਸ ਦਾ ਅਰਥ ਹੈ "ਵੱਸਣਾ।" ਇਹ ਅਕਸਰ ਕਿਰਿਆ *ਗੁਰ* ਦੇ ਨਾਲ ਇੱਕ ਪਰਸਪਰ ਢੱਕਣ ਦੇ ਰੂਪ ਵਿਚ ਇਸਤੇਮਾਲ ਕੀਤਾ ਜਾਂਦਾ ਹੈ, ਜਿਸ ਨੇ ਫਿਲਸਤੀਨ ਦੇ ਸ਼ਹਿਰ ਗਰਾਰ ਵਿਚ ਇੱਕ ਵਿਦੇਸ਼ੀ ਨਿਵਾਸੀ ਦੇ ਰੂਪ ਵਿਚ ਪੁਰਖੇ ਦੀ ਸਥਿਤੀ ਦੀ ਪਹਿਚਾਣ ਕੀਤੀ ਹੈ (26:3; ਵੇਖੋ 20:1; 37:1; 47:4; ਰੂਥ 1:1)।

**ਆਇਤ 7.** ਜਿਵੇਂ ਪਹਿਲਾਂ ਉਸ ਦੇ ਪਿਤਾ ਅਬਰਾਹਾਮ ਨੇ ਕੀਤਾ ਸੀ (12:11, 12; 20:11), ਇਸਹਾਕ ਨੂੰ ਡਰ ਸੀ ਕਿ ਉਸ ਨੂੰ ਮਾਰ ਦਿੱਤਾ ਜਾਵੇਗਾ ਕਿਉਂਕਿ **ਰਿਬਕਾਹ ਸੋਹਣੀ** ਸੀ। ਉਹ ਜਾਂ ਤਾਂ ਪਰਮੇਸ਼ੁਰ ਦੇ ਇਸ ਵਾਇਦੇ ਨੂੰ ਭੁੱਲ ਗਿਆ ਸੀ ਜਾਂ ਉਸ ਦਾ ਵਿਸ਼ਵਾਸ ਉਸ ਤੋਂ ਘੱਟ ਰਿਹਾ ਸੀ ਕਿ ਉਹ ਇਸ ਦੇਸ ਵਿਚ ਉਸ ਦੇ ਨਾਲ ਰਹੇਗਾ (26:3)। ਇਸ ਲਈ, ਜਦੋਂ **ਉਸ ਥਾਂ ਦੇ ਮਨੁੱਖਾਂ ਨੇ ਉਸ ਦੀ ਤੀਵੀਂ ਦੇ ਵਿਖੇ ਪੁੱਛਿਆ,** ਤਾਂ ਇਸਹਾਕ ਨੂੰ **ਭੈ** ਸੀ ਅਤੇ ਉਸ ਨੇ ਇਨ੍ਹਾਂ ਵਿਦੇਸ਼ੀ ਲੋਕਾਂ ਨੂੰ ਇਹ ਜਵਾਬ ਦੇ ਕੇ ਗੁਮਰਾਹ ਕਰਨ ਦਾ ਫੈਸਲਾ ਕੀਤਾ, **ਉਹ ਮੇਰੀ ਭੈਣ ਹੈ** (ਵੇਖੋ 12:13, 19; 20:2, 5)।

**ਆਇਤ 8.** ਜਦੋਂ **ਉਹ ਉੱਥੇ ਢੇਰ ਦਿਨ ਰਿਹਾ** ਅਤੇ ਫ਼ਿਲਿਸਤੀਨੀਆਂ ਵਿਚੋਂ ਕਿਸੇ ਨੇ ਵੀ **ਰਿਬਕਾਹ** ਨੂੰ ਤੰਗ ਕਰਨ ਦੀ ਕੋਸ਼ਿਸ਼ ਨਹੀਂ ਕੀਤੀ, **ਇਸਹਾਕ** ਆਪਣੇ ਵਿਹਾਰ ਵਿਚ ਲਾਪਰਵਾਹ ਹੋ ਗਿਆ ਸੀ। ਉਹ ਸਰੀਰਕ ਤੌਰ ਤੇ ਮੁਕਾਬਲਤਨ ਇੱਕ ਜਨਤਕ ਸਥਾਨ ਤੇ **ਆਪਣੀ ਤੀਵੀਂ ਰਿਬਕਾਹ ਨਾਲ ਕਲੋਲ ਕਰ ਰਿਹਾ ਸੀ** ਜਿੱਥੇ ਦੂਸਰੇ ਲੋਕ ਉਸ ਦੀਆਂ ਗਤੀਵਿਧੀਆਂ ਨੂੰ ਦੇਖ ਸਕਦੇ ਸਨ। ਉਹ ਜੋ ਕਰ ਰਿਹਾ ਸੀ ਉਸ ਦੇ ਲਈ ਇਬਰਾਨੀ ਸ਼ਬਦ ਦਾ ਮੂਲ ਰੂਪ ਹੈ צָחַק (*ਸਾਚਾਕ),* ਜਿਸ ਦਾ ਅਰਥ ਅਕਸਰ "ਹੱਸਣਾ," "ਮਜ਼ਾਕ ਕਰਨਾ," ਜਾਂ "ਖੇਡਣਾ" ਹੁੰਦਾ ਹੈ।[4] ਇਹ ਸ਼ਬਦ, ਜੋ ਇਸਹਾਕ ਦੇ ਨਾਮ ਤੇ ਇੱਕ ਅਲੰਕਾਰ ਬਣਾਉਂਦਾ ਹੈ (יִצְחָק, *ਯਿਟਸਟੈਕ),* ਇਸਹਾਕ ਦੇ ਜਨਮ ਦੇ ਆਲੇ-ਦੁਆਲੇ ਹਾਸੇ ਲਈ ਪਹਿਲਾਂ ਹੀ ਵਰਤਿਆ ਗਿਆ ਹੈ (21:6; ਵੇਖੋ 17:17; 18:12) ਉਸ ਦੇ ਨਾਲ ਨਾਲ ਇਸਮਾਏਲ ਦਾ ਇਸਹਾਕ ਨੂੰ ਮਖੌਲ ਕਰਨਾ (21:9)। ਇਸ ਪ੍ਰਸੰਗ ਵਿਚ, ਇਹ ਖੇਡਣ ਦਾ ਅੰਤਮ ਅਰਥ ਹੈ। ਅਸਲ ਵਿਚ ਇਸ ਦਾ ਮਤਲਬ ਕੀ ਹੈ?

ਕੁਝ ਹਵਾਲਿਆਂ ਵਿਚ, ਸਾਚੱਕ ਇੱਕ ਸਰੀਰਕ ਗਤੀਵਿਧੀ ਦਾ ਇੱਕ ਰੂਪ ਹੈ ਜੋ ਜਿਨਸੀ ਸੰਬੰਧ ਸਨ, ਜਿਵੇਂ ਪੋਟੀਫ਼ਰ ਦੀ ਪਤਨੀ ਨੇ ਯੂਸੁਫ਼ ਉੱਤੇ "ਠੱਠੇ ਕਰਨ" (*ਸਾਚੱਕ*), ਅਰਥਾਤ, ਉਸ ਦੇ ਨਾਲ ਜਿਨਸੀ ਸੰਬੰਧ ਬਣਾਉਣ ਦੀ ਕੋਸ਼ਿਸ਼ ਕਰਨ ਦਾ ਝੂਠਾ ਇਲਜ਼ਾਮ ਲਗਾਇਆ ਸੀ (39:14, 17)। ਸੀਨੈ ਪਹਾੜ ਦੇ ਹੇਠਾਂ ਵੀ ਇਸਰਾਏਲ ਦੇ ਵਿਹਾਰ ਦੇ ਲਈ ਵੀ ਉਹੀ ਸ਼ਬਦ ਇਸਤੇਮਾਲ ਕੀਤਾ ਗਿਆ ਹੈ: ਸੋਨੇ ਦੇ ਵੱਛੇ ਦੇ ਸਾਹਮਣੇ, ਉਹ "ਖਾ ਪੀ ਕੇ ਬੈਠੇ ਅਰ ਹੱਸਣ ਖੇਲਣ ਨੂੰ ਉੱਠੇ" (ਕੂਚ 32:6)। ਉਸ ਮੌਕੇ ਤੇ ਇਸਰਾਏਲੀਆਂ ਨੇ ਸਿਰਫ ਮੂਰਤੀਪੂਜਾ ਹੀ ਨਹੀਂ ਕੀਤੀ ਸੀ, ਪਰ ਉਨ੍ਹਾਂ ਨੇ ਜਿਨਸੀ "ਜ਼ਨਾਹ" (*ਸਾਚਾਕ,* "ਅਨੈਤਿਕ ਨੰਗਾ ਨਾਚ") ਜਿਸ ਦਾ ਅਭਿਆਸ ਪ੍ਰਾਚੀਨ ਨੇੜਲੇ ਪੂਰਬੀ ਖੇਤਰਾਂ ਵਿਚ ਪ੍ਰਜਨਨ ਸੰਪ੍ਰਦਾਇਆਂ ਦੇ ਦੁਆਰਾ ਕੀਤਾ ਜਾਂਦਾ

ਸੀ (ਵੇਖੋ ਗਿਣਤੀ 25:1-9)।

ਇਹ ਲਿਖਤ ਇਹ ਗੱਲ ਦਾ ਸੁਝਾਅ ਨਹੀਂ ਦਿੰਦੀ ਹੈ ਕਿ ਇਸਹਾਕ ਅਤੇ ਰਿਬਕਾਹ ਜਨਤਕ ਤੌਰ ਤੇ ਇੱਕ ਬੇਸ਼ਰਮੀ ਭਰੇ ਜਿਨਸੀ ਵਿਹਾਰ ਵਿਚ ਰੁੱਝੇ ਹੋਏ ਸਨ। ਉਨ੍ਹਾਂ ਸੰਪਰਕ ਸ਼ਾਇਦ ਸਰੀਰਕ ਤੌਰ ਤੇ ਛੂਹਣ, ਗਲੇ ਲਗਾਉਣ, ਜਾਂ ਚੁੰਮਣ ਤੋਂ ਵੱਧ ਨਹੀਂ ਸੀ ਜਿਸ ਦਾ ਇੱਕ ਪਤੀ ਅਤੇ ਪਤਨੀ ਇਹ ਸੋਚ ਕੇ ਅਨੰਦ ਲੈ ਸਕਦੇ ਹਨ, ਕੋਈ ਵੀ ਉਨ੍ਹਾਂ ਨੂੰ ਵੇਖ ਨਹੀਂ ਸਕੇਗਾ। "ਕਲੋਲ" (NASB) ਦੀ ਬਜਾਇ ਹੋਰਨਾਂ ਸੰਸਕਰਣਾਂ ਵਿਚ "ਦੁਲਾਰਨਾ" (NRSV), "ਪਿਆਰ ਵਿਖਾਉਣਾ" (NKJV), ਅਤੇ "ਗਲੇ ਲਗਾਉਣਾ ਅਤੇ ਚੁੰਮਣਾ" (CEV)। ਜਦੋਂ **ਅਬੀਮਲਕ ਫ਼ਿਲਿਸਤੀਆਂ ਦੇ ਰਾਜਾ ਨੇ** ਆਪਣੀ **ਤਾਕੀ** ਦੇ ਵਿੱਚੋਂ ਝਾਤੀ ਮਾਰ ਕੇ ਇਸਹਾਕ ਅਤੇ ਰਿਬਕਾਹ ਨੂੰ ਵੇਖਿਆ, ਤਾਂ ਉਹ ਤੁਰੰਤ ਸਮਝ ਗਿਆ ਕਿ ਇੱਕ ਭਰਾ ਅਤੇ ਭੈਣ ਦੇ ਵਿਚਕਾਰ ਇਸ ਤਰ੍ਹਾਂ ਦਾ ਵਿਹਾਰ ਸਹੀ ਨਹੀਂ ਹੈ। ਉਹ ਇਸ ਗੱਲ ਦੇ ਲਈ ਬੇਚੈਨ ਅਤੇ ਪਰੇਸ਼ਾਨ ਸਨ ਕਿ ਰਾਜੇ ਨੇ ਉਨ੍ਹਾਂ ਦੇ ਧੋਖੇ ਨੂੰ ਉਜਾਗਰ ਕਰ ਦਿੱਤਾ ਸੀ।

**ਆਇਤ 9.** ਰਾਜੇ ਨੇ **ਇਸਹਾਕ ਨੂੰ ਬੁਲਾਕੇ** ਇਹ ਕਹਿੰਦੇ ਹੋਏ ਉਸ ਦਾ ਸਾਹਮਣਾ ਕੀਤਾ, **ਵੇਖ ਉਹ ਸੱਚ ਮੁੱਚ ਤੇਰੀ ਤੀਵੀਂ ਹੈ**। ਕਿਉਂਕਿ ਇਹ ਬਿਲਕੁਲ ਸੱਚ ਸੀ, ਇਸ ਲਈ ਉਸ ਨੇ ਉਸ ਨੂੰ ਅੱਗੇ ਸਵਾਲ ਕੀਤਾ: **ਤੂੰ ਕਿਉਂ ਆਖਿਆ, ਕਿ ਉਹ ਮੇਰੀ ਭੈਣ ਹੈ?** ਅਬੀਮਲਕ ਨੇ ਕਿਹਾ ਕਿ ਇਸਹਾਕ ਦਾ ਧੋਖੇ ਦਾ ਵਿਹਾਰ – ਜੋ ਕਿ ਗਰਾਰ ਵਿਚ ਇੱਕ ਵਿਦੇਸ਼ੀ ਸੀ – ਉਸ ਦੇ ਲਈ ਜਿਸ ਨੇ ਉਸ ਦਾ ਆਪਣੇ ਲੋਕਾਂ ਦੇ ਵਿਚਕਾਰ ਸਵਾਗਤ ਕੀਤਾ ਸੀ ਇੱਕ ਬਹੁਤ ਹੀ ਦੰਗ ਕਰ ਦੇਣ ਵਾਲਾ ਧੋਖਾ ਸੀ। ਇੱਥੇ ਵਿਅੰਗ ਇਹ ਹੈ ਕਿ ਫ਼ਿਲਿਸਤੀਨ ਦਾ ਰਾਜਾ ਆਪਣੀ ਵੱਲੋਂ ਸੱਚਾ ਸੀ; ਪਰ ਇਸਹਾਕ, ਅਬਰਾਹਾਮ ਦੀ ਵਾਇਦੇ ਦੀ ਸੰਤਾਨ ਨੇ, ਝੂਠ ਬੋਲਿਆ ਜਿਵੇਂ, ਕਈ ਸਾਲ ਪਹਿਲਾਂ ਉਸ ਦੇ ਪਿਤਾ ਨੇ ਦੋ ਮੌਕਿਆਂ ਤੇ ਕੀਤਾ ਸੀ। ਪਤਾ ਲੱਗ ਜਾਣ ਤੋਂ ਬਾਅਦ, **ਇਸਹਾਕ** ਨੇ ਆਪਣੇ ਡਰ ਦੇ ਵਿਸ਼ੇ ਵਿਚ ਬੋਲਦੇ ਹੋਏ ਕਿ **ਕਿਤੇ ਮੈਂ** ਰਿਬਕਾਹ **ਦੇ ਕਾਰਨ ਮਰ ਨਾ ਜਾਵਾਂ** ਸੱਚ ਬੋਲ ਦਿੱਤਾ। ਫ਼ਿਲਿਸਤੀਆਂ ਦੇ ਦਰਮਿਆਨ ਰਹਿੰਦੇ ਹੋਏ ਅਬਰਾਹਾਮ ਨੇ ਉਸੇ ਤਰ੍ਹਾਂ ਦੇ ਸਮੀਕਰਣ ਦਾ ਇਸਤੇਮਾਲ ਕੀਤਾ (20:11)।

**ਆਇਤ 10.** ਫਿਰ **ਅਬੀਮਲਕ** ਨੇ ਇਸਹਾਕ ਨੂੰ ਇੱਕ ਅਲੰਕਾਰਪੂਰਣ ਪ੍ਰਸ਼ਨ ਕੀਤਾ: **ਤੈਂ ਸਾਡੇ ਨਾਲ ਇਹ ਕੀ ਕੀਤਾ?** ਉਸ ਨੂੰ ਕੋਈ ਵੀ ਉੱਤਰ ਨਹੀਂ ਮਿਲਿਆ, ਪਰ ਸੱਚਾਈ ਆਪਣੇ ਆਪ ਦੇ ਵਿਚ ਸਪੱਸ਼ਟ ਸੀ। ਇਸਹਾਕ ਨੇ ਰਾਜੇ ਅਤੇ ਉਸ ਦੇ ਲੋਕਾਂ ਨੂੰ ਇੱਕ ਅਨੋਖੀ ਸਥਿਤੀ ਵਿਚ ਰੱਖਿਆ ਸੀ: ਸ਼ਾਇਦ ਰਾਜੇ ਦੇ ਲੋਕਾਂ ਵਿਚੋਂ ਕੋਈ ਅਸਾਨੀ ਦੇ ਨਾਲ ਇਸਹਾਕ ਦੀ **ਤੀਵੀਂ ਦੇ ਸੰਗ ਲੇਟਦਾ** ("ਜਿਨਸੀ ਸੰਬੰਧ ਸਨ"; NCV) ਅਤੇ ਜੇਕਰ ਅਜਿਹਾ ਹੋ ਜਾਂਦਾ, ਤਾਂ ਉਸ ਦੇ ਲੋਕਾਂ ਤੇ **ਪਾਪ ਚੜ੍ਹ ਜਾਣਾ ਸੀ**। ਸ਼ਬਦ אָשָׁם (*ਆਸ਼ਾਮ*) ਜਿਸ ਦਾ ਅਨੁਵਾਦ "ਅਪਰਾਧ" ਕੀਤਾ ਗਿਆ, ਉਹ ਪਾਪ ਦੇ "ਕਾਰਜ" ਦਾ ਉਲੇਖ ਕਰਦਾ ਹੈ, ਜਾਂ, ਜਿਵੇਂ ਇਸ ਪ੍ਰਸੰਗ ਵਿਚ ਹੈ, ਪਾਪ ਦੇ "ਸਿੱਟੇ" ਜਾਂ "ਸਜ਼ਾ" ਦਾ ਹਵਾਲਾ ਦੇ ਸਕਦਾ ਹੈ।[5] ਇਸਹਾਕ ਨੂੰ ਰਾਜੇ ਦਾ ਉੱਤਰ ਤਿੱਖਾ ਅਤੇ ਇਕਦਮ ਨਿਸ਼ਾਨੇ ਤੇ ਸੀ: ਆਪਣੇ ਜੀਵਨ ਨੂੰ ਬਚਾਉਣ ਦੀ ਭਾਲ ਵਿਚ, ਉਸ ਨੇ ਪੂਰੀ ਫ਼ਿਲਿਸਤੀਨ ਕੌਮ ਨੂੰ ਰੱਬੀ ਕ੍ਰੋਧ ਦੇ ਖਤਰੇ ਵਿਚ ਪਾ ਦਿੱਤਾ ਸੀ।

**ਆਇਤ 11.** ਇਹ ਸਾਰਾ ਮਾਮਲਾ ਇਸਹਾਕ ਦੇ ਲਈ ਬਹੁਤ ਹੀ ਸ਼ਰਮਨਾਕ ਸੀ। ਉਹ ਅਬੀਮਲਕ ਦੀ ਝਿੜਕ ਦਾ ਕੋਈ ਜਵਾਬ ਨਾ ਦਿੰਦੇ ਹੋਏ ਚੁੱਪ-ਚਾਪ ਹੀ ਰਿਹਾ। ਪਰ, ਰਾਜੇ ਨੂੰ ਕਿਰਪਾ ਦੇ ਨਾਲ ਭਰ ਕੇ ਇਸਹਾਕ ਨੂੰ ਫਿਰ ਤੋਂ ਭਰੋਸਾ ਦਿਵਾਇਆ ਕਿ ਉਹ ਅਤੇ ਰਿਬਕਾਹ

ਉਸ ਦੀ ਸੁਰੱਖਿਆ ਵਿਚ ਰਹਿਣਗੇ। ਉਸ ਨੇ ਇੱਕ ਸਰਕਾਰੀ ਘੋਸ਼ਣਾ ਕੀਤੀ ਕਿ **ਜੋ ਕੋਈ ਏਸ ਮਨੁੱਖ ਨੂੰ ਅਰ ਏਸ ਦੀ ਤੀਵੀਂ ਨੂੰ ਹੱਥ ਲਾਵੇਗਾ ਉਹ ਜ਼ਰੂਰ ਮਾਰਿਆ ਜਾਵੇਗਾ।**

**ਇਸਹਾਕ ਦੀ ਦੌਲਤ ਦੇ ਬਾਰੇ ਫਿਲਸਤੀਆਂ ਦੀ ਈਰਖਾ (26:12-17)**

**12ਇਸਹਾਕ ਉਸ ਧਰਤੀ ਵਿੱਚ ਬੀ ਬੀਜਿਆ ਅਰ ਉਸੇ ਸਾਲ ਸੌ ਗੁਣਾ ਪਰਾਪਤ ਕੀਤਾ
ਅਤੇ ਯਹੋਵਾਹ ਉਸ ਨੂੰ ਬਰਕਤ ਦਿੱਤੀ। 13ਸੋ ਉਹ ਮਨੁੱਖ ਵਧ ਗਿਆ ਅਰ ਵਧਦਾ ਚਲਾ ਗਿਆ
ਅਰ ਉਹ ਅੱਤ ਵੱਡਾ ਹੋ ਗਿਆ। 14ਤਾਂ ਉਹ ਭੇਡਾਂ ਬੱਕਰੀਆਂ ਅਰ ਗਾਈਆਂ ਬਲਦਾਂ ਅਰ ਬਹੁਤ
ਸਾਰੇ ਟਹਿਲੂਆਂ ਦਾ ਮਾਲਕ ਹੋ ਗਿਆ ਅਤੇ ਫਿਲਿਸਤੀ ਉਸ ਤੋਂ ਸੜਨ ਲੱਗੇ। 15ਅਰ ਸਾਰੇ ਖੂਹਾਂ
ਨੂੰ ਜਿਹੜੇ ਉਸ ਦੇ ਪਿਤਾ ਦੇ ਟਹਿਲੂਆਂ ਨੇ ਉਹ ਦੇ ਪਿਤਾ ਅਬਰਾਹਾਮ ਦੇ ਦਿਨਾਂ ਵਿੱਚ ਪੁੱਟੇ ਸਨ
ਫ਼ਿਲਿਸਤੀਆਂ ਨੇ ਬੰਦ ਕੀਤਾ ਅਰ ਮਿੱਟੀ ਨਾਲ ਭਰ ਦਿੱਤਾ। 16ਅਬੀਮਲਕ ਨੇ ਇਸਹਾਕ ਨੂੰ
ਆਖਿਆ, ਸਾਡੇ ਕੋਲੋਂ ਚਲਾ ਜਾਹ ਕਿਉਂਜੋ ਤੂੰ ਸਾਡੇ ਨਾਲੋਂ ਵੱਡਾ ਬਲਵੰਤ ਹੋ ਗਿਆ। 17ਤਦ
ਇਸਹਾਕ ਉੱਥੋਂ ਚਲਾ ਗਿਆ ਅਤੇ ਗਰਾਰ ਦੇ ਬੇਟ ਵਿੱਚ ਆਪਣਾ ਤੰਬੂ ਲਾਇਆ ਅਰ ਉੱਥੇ
ਟਿਕਿਆ।**

**ਆਇਤ 12.** ਇਹ ਗਰੰਟੀ ਦੇਣ ਦੇ ਲਈ ਕਿ ਕੋਈ ਵੀ ਫ਼ਿਲਿਸਤੀ **ਇਸਹਾਕ** ਨਾਲ ਬੁਰਾ ਵਿਹਾਰ ਜਾਂ ਰਿਬਕਾਹ ਦੇ ਨਾਲ ਛੇੜਛਾੜ ਨਾ ਕਰੇ, ਅਬੀਮਲਕ ਨੇ ਮੰਗ ਕਰ ਸਕਦਾ ਸੀ ਕਿ ਉਹ ਉਸ ਦੇ ਦੇਸ ਵਿਚੋਂ ਚਲੇ ਜਾਣ, ਜਿਵੇਂ ਬਹੁਤ ਸਾਲ ਪਹਿਲਾਂ ਫ਼ਿਰਊਨ ਨੇ ਅਬਰਾਹਾਮ ਅਤੇ ਸਾਰਾਹ ਦੇ ਨਾਲ ਕੀਤਾ ਸੀ (12:19, 20)। ਇਸ ਦੀ ਬਜਾਇ, ਰਾਜੇ ਨੇ ਉਨ੍ਹਾਂ ਨੂੰ ਆਪਣੇ ਦੇਸ ਵਿਚ ਰਹਿਣ ਦੀ ਇਜਾਜ਼ਤ ਦੇ ਦਿੱਤੀ।

ਅਯਾਲੀ ਅਤੇ ਚਰਵਾਹਾ ਹੋਣ ਦੇ ਨਾਲ ਨਾਲ, ਇਸਹਾਕ ਨੇ ਖੇਤੀਬਾੜੀ ਦੀਆਂ ਫਸਲਾਂ ਬੀਜਣੀਆਂ ਅਤੇ ਵੱਡਣੀਆਂ ਸ਼ੁਰੂ ਕਰ ਦਿੱਤੀਆਂ। ਇਸਹਾਕ ਨੇ **ਉਸ ਧਰਤੀ ਵਿਚ ਬੀ ਬੀਜਿਆ ਅਰ ਉਸੇ ਸਾਲ ਸੌ ਗੁਣਾ ਪਰਾਪਤ ਕੀਤਾ**। ਪ੍ਰਾਚੀਨ ਕਾਲ ਤੋਂ, ਬੱਦੂਆਂ ਨੇ ਦੁਨੀਆਂ ਦੇ ਇਸ ਅਰਧ-ਸੁੱਕੇ ਭਾਗ ਵਿਚ ਕੁਝ ਫਸਲਾਂ ਬੀਜੀਆਂ ਹਨ; ਪਰ, ਉਸ ਸਮੇਂ ਸੁੱਕੀ ਧਰਤੀ ਦੇ ਉੱਤੇ ਖੇਤੀ ਕਰਨੀ ਮੁਸ਼ਕਲ ਸੀ ਅਤੇ ਨਿਸ਼ਚਤ ਤੌਰ ਤੇ ਹਰ ਬੀਜਣ ਵਾਲੇ ਦੇ ਲਈ ਸੌ ਗੁਣਾ ਫਸਲ ਪੈਦਾ ਨਹੀਂ ਸੀ ਹੁੰਦੀ। ਸਿਰਫ ਇਸਹਾਕ ਹੀ ਇੱਕ ਅਜਿਹਾ ਪੁਰਖਾ ਹੈ ਜਿਸ ਦੇ ਵਿਸ਼ੇ ਵਿਚ ਖਾਸ ਤੌਰ ਤੇ ਕਿਹਾ ਜਾਂਦਾ ਹੈ ਕਿ ਉਸ ਨੇ ਖੇਤੀਬਾੜੀ ਦਾ ਅਭਿਆਸ ਕੀਤਾ। ਇਹ ਭਰਪੂਰ ਵਾਢੀ ਇਸ ਗੱਲ ਦੀ ਪੁਸ਼ਟੀ ਕਰਦੀ ਹੈ ਕਿ **ਯਹੋਵਾਹ ਨੇ ਉਸ ਨੂੰ ਬਰਕਤ ਦਿੱਤੀ**।

**ਆਇਤ 13.** ਇਸਹਾਕ ਨੂੰ ਪਹਿਲਾਂ ਤੋਂ ਹੀ ਵਿਰਾਸਤ ਵਿਚ ਆਪਣੇ ਪਿਤਾ ਅਬਰਾਹਾਮ ਤੋਂ ਬਹੁਤ ਸਾਰਾ ਧਨ ਪ੍ਰਾਪਤ ਹੋਇਆ ਸੀ, ਉਹ **ਵਧ ਗਿਆ** ਸੀ (25:5)। ਤਾਂ ਵੀ, ਲਿਖਤ ਕਹਿੰਦੀ ਹੈ ਕਿ ਉਹ **ਵਧਦਾ ਚਲਾ ਗਿਆ ਅਰ ਉਹ ਅੱਤ ਵੱਡਾ ਹੋ ਗਿਆ**। ਇਹੀ ਕਿਰਿਆ גָּדַל (*ਗਾਦਲ*), ਆਇਤ ਵਿਚ ਤਿੰਨ ਵਾਰ ਪਰਗਟ ਹੁੰਦੀ ਹੈ ਤਾਂ ਕਿ ਇਸਹਾਕ ਦੇ ਸਦਾ-ਵਧ ਰਹੇ ਧਨ ਦੇ ਉੱਤੇ ਜ਼ੋਰ ਦਿੱਤਾ ਜਾ ਸਕੇ। ਸੱਚਮੁੱਚ, *ਗਾਦਲ* ਦਾ ਅਰਥ "ਵਧਦਾ ਚਲਾ ਗਿਆ" ਹੈ। ਇਸਹਾਕ ਮਹਾਨ ਅਤੇ ਸ਼ਕਤੀਸ਼ਾਲੀ ਬਣ ਗਿਆ ਕਿਉਂਕਿ ਪਰਮੇਸ਼ੁਰ ਨੇ ਉਸ ਨੂੰ ਭਰਪੂਰ ਧਨ ਅਤੇ ਦੌਲਤ ਦੇ ਨਾਲ ਬਰਕਤ ਦਿੱਤੀ ਸੀ। ਇਹ ਵਾਇਦਿਆਂ ਦੀ ਪੂਰਤੀ ਦੀ ਸ਼ੁਰੂਆਤ ਸੀ ਜੋ ਪਰਮੇਸ਼ੁਰ ਨੇ ਉਸ ਦੇ ਨਾਲ ਕੀਤੇ ਸਨ ਅਤੇ ਉਸ ਨੂੰ ਦੇਸ ਵਿਚ ਰਹਿਣ ਲਈ ਕਿਹਾ ਸੀ

(26:2-4)।

**ਆਇਤ 14.** ਲੇਖਕ ਨੇ **ਭੇਡਾਂ ਬੱਕਰੀਆਂ ਅਰ ਗਾਈਆਂ ਬਲਦਾਂ ਅਰ ਬਹੁਤ ਸਾਰੇ ਟਹਿਲੂਆਂ** ਜਾਂ ਗੁਲਾਮਾਂ ਦਾ ਉਲੇਖ ਕਰਦੇ ਹੋਏ ਇਸਹਾਕ ਦੇ ਘਰਾਣੇ ਦੀ ਵੱਡੀ ਦੌਲਤ ਦਾ ਵੇਰਵਾ ਦਿੱਤਾ। ਅਬਰਾਹਾਮ ਦੇ ਘਰ ਵਿਚ 318 ਨੌਕਰ ਸਨ ਜੋ ਚਰਵਾਹੇ-ਯੋਧਾ ਸਨ (14:14), ਅਤੇ ਹੁਣ ਤੱਕ ਇਸਹਾਕ ਦੇ ਘਰਾਣੇ ਵਿਚ ਆਪਣੇ ਪਿਤਾ ਦੇ ਨਾਲੋਂ ਕਿਤੇ ਵੱਧ ਹੋਣੇ ਚਾਹੀਦੇ ਹਨ। ਇਸੇ ਲਈ **ਫਿਲਿਸਤੀ ਲੋਕ** ਆਪਣੇ ਵਿਚਕਾਰ ਰਹਿਣ ਵਾਲੇ ਇਸ ਪਰਦੇਸੀ ਦੀ ਕਾਮਯਾਬੀ ਤੋਂ ਨਰਾਜ਼ ਸਨ ਅਤੇ ਉਸ ਤੋਂ **ਸੜਨ ਲੱਗੇ**। ਇਬਰਾਨੀ ਕਿਰਿਆ קָנָא (*ਕਾਨਾ*, "ਸੜਣਾ") ਇੱਕ ਤੀਬਰ ਈਰਖਾ ਬਾਰੇ ਦੱਸਦਾ ਹੈ – ਸਰੀਰ ਦਾ ਇੱਕ ਕੰਮ (ਗਲਾਤੀਆਂ 5:19-21) – ਜਿਸ ਦੇ ਕਾਰਣ ਲੋਕ ਦੂਸਰੇ ਵਿਅਕਤੀ ਕੋਲ ਜੋ ਹੁੰਦਾ ਹੈ ਉਸ ਤੋਂ ਸੜਦੇ ਹਨ (ਕੂਚ 20:17)।

**ਆਇਤ 15.** ਸਥਾਨਕ ਵਸਨੀਕਾਂ ਨੇ ਉਨ੍ਹਾਂ **ਸਾਰੇ ਖੂਹਾਂ ਨੂੰ ਜਿਹੜੇ ਉਸ ਦੇ ਪਿਤਾ ਦੇ ਟਹਿਲੂਆਂ ਨੇ ਉਹ ਦੇ ਦਿਨਾਂ ਵਿੱਚ ਪੁੱਟੇ ਸਨ** ਯਾਦ ਰੱਖਿਆ, ਅਤੇ ਉਨ੍ਹਾਂ ਨੇ [ਉਨ੍ਹਾਂ] ਨੂੰ **ਬੰਦ ਕੀਤਾ ਅਰ ਮਿੱਟੀ ਨਾਲ ਭਰ ਦਿੱਤਾ**। ਜਦੋਂ ਅਬਰਾਹਾਮ ਨੇ ਉਲਾਂਭਾ ਦਿੱਤਾ ਸੀ ਕਿ ਫ਼ਿਲਿਸਤੀਆਂ ਨੇ ਧੱਕੇ ਨਾਲ ਉਸ ਦੇ ਇੱਕ ਖੂਹ ਨੂੰ ਖੋਹ ਲਿਆ ਸੀ, ਤਾਂ ਪਹਿਲੇ ਅਬੀਮਲਕ ਨੇ ਉਸ ਨੂੰ ਉਹ ਵਾਪਸ ਕਰ ਦਿੱਤਾ ਸੀ (21:25-32)। ਅਬਰਾਹਾਮ ਦੀ ਤੁਲਨਾ ਵਿਚ ਇਸਹਾਕ ਦਾ ਸੁਭਾਅ ਵਧੇਰੇ ਸਹਿਣਸ਼ੀਲ ਸੀ। ਲਿਖਤ ਇਸ ਗੱਲ ਦਾ ਕੋਈ ਸੰਕੇਤ ਨਹੀਂ ਦਿੰਦੀ ਕਿ ਉਸ ਨੇ ਇਸ ਬਾਅਦ ਵਾਲੇ ਅਬੀਮਲਕ ਦੇ ਸਾਹਮਣੇ ਇਸ ਦੀ ਕੋਈ ਵੀ ਸ਼ਿਕਾਇਤ ਕੀਤੀ ਸੀ, ਨਾ ਹੀ ਉਸ ਨੇ ਦੋਸ਼ੀਆਂ ਨੂੰ ਸਜ਼ਾ ਦੇਣ ਦੇ ਲਈ ਕੋਈ ਧਮਕੀ ਭਰਿਆ ਕੋਈ ਕਦਮ ਚੁੱਕਿਆ ਸੀ।

**ਆਇਤ 16.** ਰਾਜਾ ਇਸਹਾਕ ਦੀ ਦੌਲਤ ਅਤੇ ਉਸ ਦੀ ਨਿਜੀ ਸੈਨਾ ਆਕਾਰ ਤੋਂ ਡਰਦਾ ਸੀ। ਇਸ ਲਈ, ਉਸ ਨੇ **ਇਸਹਾਕ ਨੂੰ ਆਖਿਆ, ਸਾਡੇ ਕੋਲੋਂ ਚਲਾ ਜਾਹ ਕਿਉਂਜੋ ਤੂੰ ਸਾਡੇ ਨਾਲੋਂ ਵੱਡਾ ਬਲਵੰਤ ਹੋ ਗਿਆ** ਹੈਂ। "ਤੂੰ ਵੱਡਾ ਬਲਵੰਤ ਹੋ ਗਿਆ ਹੈਂ" ਕਿਰਿਆ עָצַם (*ਅਤਸਮ*) ਤੋਂ ਆਉਂਦਾ ਹੈ। ਬਾਅਦ ਵਿਚ ਇਹ ਕੂਚ 1:7, 20 ਆਉਂਦਾ ਹੈ, ਜਿੱਥੇ ਇਸਰਾਏਲੀ ਗਿਣਤੀ ਵਿਚ "ਵਧੀਕ ਅਤੇ ਬਲਵੰਤ" ਹੋ ਗਏ ਸਨ, ਜਿਸ ਦੇ ਕਾਰਣ ਫ਼ਿਰਊਨ ਦੇ ਦਿਲ ਵਿਚ ਡਰ ਪੈ ਗਿਆ ਸੀ (ਕੂਚ 1:9, 10)।

**ਆਇਤ 17.** ਅਬੀਮਲਕ ਦੀ ਇੱਛਾ ਨੂੰ ਪੂਰਾ ਕਰਨ ਦੇ ਲਈ, **ਇਸਹਾਕ** ਗਰਾਰ ਵਿਚੋਂ ਚਲਾ ਗਿਆ ਅਤੇ **ਗਰਾਰ ਦੇ ਬੇਟ ਵਿੱਚ** ਆਪਣਾ ਤੰਬੂ ਖੜਾ ਕੀਤਾ, ਜੋ ਹੁਣ ਵੀ ਫ਼ਿਲਿਸਤੀ ਇਲਾਕੇ ਦੇ ਵਿਚ ਸੀ। ਉਹ ਇਬਰਾਨੀ ਸ਼ਬਦ ਜਿਸ ਦਾ ਅਨੁਵਾਦ "ਬੇਟ" (נַחַל, *ਨਾਚੱਲ*) ਕੀਤਾ ਗਿਆ ਹੈ ਉਸ ਖੱਡ ਨੂੰ ਦਰਸਾਉਂਦਾ ਹੈ ਜਿਸ ਨੂੰ ਅੱਜ ਇਸਰਾਏਲ ਵਿਚ "ਵਾਦੀ" ਕਿਹਾ ਜਾਂਦਾ ਹੈ। ਇਸ ਪ੍ਰਕਾਰ ਦਾ ਨਦੀ ਦਾ ਕਿਨਾਰਾ ਆਮ ਤੌਰ ਤੇ ਸੁੱਕਾ ਹੁੰਦਾ ਹੈ, ਪਰ ਮੀਂਹ ਦੇ ਮੌਸਮ ਵਿਚ ਇਹ ਤੇਜ਼ ਜਲਧਾਰਾ ਬਣ ਜਾਂਦੀ ਹੈ।[6] ਅਵਾਦੀ ਖੂਹ ਪੁੱਟਣ ਦੇ ਲਈ ਇੱਕ ਵਧੀਆ ਸਥਾਨ ਹੁੰਦਾ ਹੈ ਕਿਉਂਕਿ ਚੱਟਾਨਾਂ, ਰੇਤ, ਅਤੇ ਮਿੱਟੀ ਦੇ ਦੁਆਰਾ ਪਾਣੀ ਉਸ ਸਮੇਂ ਤੱਕ ਹੇਠਾਂ ਸਮਾਉਂਦਾ ਜਾਂਦਾ ਹੈ ਜਦੋਂ ਤੱਕ ਇਹ ਕਿਸੇ ਬੁਨਿਆਦੀ ਢਾਂਚੇ ਤੇ ਨਾ ਆ ਜਾਵੇ। ਇੱਥੇ, ਇਹ ਸਾਫ਼ ਪਾਣੀ ਦੀ ਘਾਟੀ ਦੇ ਰੂਪ ਵਿਚ ਇਕੱਠਾ ਹੋ ਜਾਂਦਾ ਹੈ। ਅਜਿਹਾ ਇੱਕ ਖੂਹ ਕਈ ਬੱਦੂਆਂ ਦੇ ਲਈ ਪਾਣੀ ਪ੍ਰਦਾਨ ਕਰ ਸਕਦਾ ਹੈ।[7]

**ਇਸਹਾਕ ਦੇ ਖੂਹਾਂ ਨੂੰ ਲੈ ਕੇ ਫਿਲਸਤੀਆਂ ਦੇ ਝਗੜੇ (26:18-22)**

**[18]ਤਾਂ ਇਸਹਾਕ ਨੇ ਪਾਣੀ ਦਿਆਂ ਖੂਹਾਂ ਨੂੰ ਜਿਹੜੇ ਉਸ ਦੇ ਪਿਤਾ ਅਬਰਾਹਾਮ ਦੇ ਦਿਨਾਂ
ਵਿੱਚ ਪੁੱਟੇ ਗਏ ਸਨ ਅਰ ਜਿਹੜੇ ਫ਼ਿਲਿਸਤੀਆਂ ਨੇ ਅਬਰਾਹਾਮ ਦੀ ਮੌਤ ਦੇ ਪਿੱਛੋਂ ਬੰਦ ਕੀਤੇ
ਹੋਏ ਸਨ ਮੁੜਕੇ ਪੁੱਟਿਆ ਅਤੇ ਉਸ ਉਨ੍ਹਾਂ ਦੇ ਨਾਉਂ ਅਬਰਾਹਾਮ ਦੇ ਰੱਖੇ ਹੋਏ ਨਾਵਾਂ ਉੱਤੇ ਰੱਖੇ।
[19]ਇਸਹਾਕ ਦੇ ਟਹਿਲੂਆਂ ਨੇ ਬੇਟ ਵਿੱਚ ਪੁੱਟਿਆ ਅਰ ਉਨ੍ਹਾਂ ਨੂੰ ਉੱਥੇ ਸੁੰਬ ਫੁੱਟਦੇ ਪਾਣੀ ਦਾ ਇੱਕ
ਖੂਹ ਲੱਭਾ। [20]ਤਾਂ ਗਰਾਰ ਦੇ ਪਾਲੀ ਇਸਹਾਕ ਦੇ ਪਾਲੀਆਂ ਨੂੰ ਕੌੜੇ ਬਚਨ ਬੋਲੇ ਕਿ ਏਹ ਪਾਣੀ
ਸਾਡਾ ਹੈ ਅਤੇ ਉਸ ਨੇ ਉਸ ਖੂਹ ਦਾ ਨਾਉਂ ਏਸਕ ਰੱਖਿਆ ਕਿਉਂਜੋ ਓਹ ਉਹ ਦੇ ਨਾਲ ਝਗੜਦੇ
ਸਨ। [21]ਤਾਂ ਉਨ੍ਹਾਂ ਨੇ ਇੱਕ ਹੋਰ ਖੂਹ ਪੁੱਟਿਆ ਅਰ ਉਸ ਦੇ ਵਿਖੇ ਭੀ ਓਹ ਕੌੜੇ ਬਚਨ ਬੋਲੇ
ਉਪਰੰਤ ਉਸ ਨੇ ਉਹ ਦਾ ਨਾਉਂ ਸਿਟਨਾ ਰੱਖਿਆ। [22]ਤਦ ਉਹ ਉੱਥੋਂ ਅੱਗੇ ਤੁਰ ਪਿਆ ਅਰ ਉਸ
ਨੇ ਇੱਕ ਹੋਰ ਖੂਹ ਪੁੱਟਿਆ ਅਰ ਓਹ ਉਸ ਵਿਖੇ ਕੌੜੇ ਬਚਨ ਨਹੀਂ ਬੋਲੇ ਉਪਰੰਤ ਉਸ ਨੇ ਉਹ
ਦਾ ਨਾਉਂ ਏਹ ਆਖਕੇ ਰਹੋਬੋਥ ਰੱਖਿਆ ਕਿ ਹੁਣ ਯਹੋਵਾਹ ਨੇ ਸਾਨੂੰ ਮੋਕਲੀ ਥਾਂ ਦਿੱਤੀ ਹੈ ਅਰ
ਅਸੀਂ ਏਸ ਧਰਤੀ ਵਿੱਚ ਫਲਾਂਗੇ।**

**ਆਇਤ 18.** ਭਾਵੇਂ **ਇਸਹਾਕ** ਨੇ ਗਰਾਰ ਦੇ ਨਗਰ ਨੂੰ ਛੱਡ ਦਿੱਤਾ ਸੀ ਅਤੇ "ਗਰਾਰ ਦੀ ਬੇਟ" ਵਿਚ ਵੱਸ ਗਿਆ ਸੀ, ਪਰ **ਪਾਣੀ ਦਿਆਂ ਖੂਹਾਂ** ਦੇ ਲਈ ਫ਼ਿਲਿਸਤੀਆਂ ਦੇ ਨਾਲ ਸੰਘਰਸ਼ – ਜੋ ਉਸ ਦੇ ਪਿਤਾ ਦੇ ਦਿਨਾਂ ਦੇ ਵਿਚ ਸ਼ੁਰੂ ਹੋਇਆ ਸੀ – ਨਿਰੰਤਰ ਜਾਰੀ ਰਿਹਾ। ਫ਼ਿਲਿਸਤੀਆਂ ਨੇ ਆਪਣੇ ਦਰਮਿਆਨ ਰਹਿਣ ਵਾਲੇ ਵਿਦੇਸ਼ੀਆਂ ਦੇ ਨਾਲ ਈਰਖਾ ਅਤੇ ਡਰ ਦੋਨਾਂ ਨੂੰ ਪਰਗਟ ਕੀਤਾ। ਉਨ੍ਹਾਂ ਨੇ ਅਬਰਾਹਾਮ ਦੇ ਸਮੇਂ ਵਿਚ **ਪੁੱਟੇ ਗਏ** ਖੂਹਾਂ ਨੂੰ **ਬੰਦ ...** ਸੀ। ਆਪਣੇ ਮਾਣ ਦੇ ਲਈ, ਇਸਹਾਕ ਨੇ ਦੋਸ਼ੀਆਂ ਦੇ ਖਿਲਾਫ ਕ੍ਰੋਧ ਵਿਚ ਕੋਈ ਜਵਾਬ ਨਹੀਂ ਦਿੱਤਾ ਸੀ। ਇਸ ਦੇ ਨਾਲ ਦੋਹਾਂ ਸਮੂਹਾਂ ਦੇ ਦਰਮਿਆਨ ਝਗੜਾ ਹੋ ਸਕਦਾ ਸੀ। ਇਸ ਦੀ ਬਜਾਇ, ਉਸ ਦੇ ਆਦਮੀਆਂ ਨੇ ਉਨ੍ਹਾਂ ਖੂਹਾਂ ਦੇ ਵਿਚੋਂ ਗੰਦਗੀ ਅਤੇ ਮਲਬੇ ਨੂੰ ਕੱਢ ਕੇ ਦੁਬਾਰਾ ਉਨ੍ਹਾਂ ਨੂੰ ਇਸਤੇਮਾਲ ਕਰਨ ਦੇ ਯੋਗ ਬਣਾਇਆ ਜਾ ਸਕੇ; **ਅਤੇ ਉਸ ਉਨ੍ਹਾਂ ਦੇ ਨਾਉਂ ਅਬਰਾਹਾਮ ਦੇ ਰੱਖੇ ਹੋਏ ਨਾਵਾਂ ਉੱਤੇ ਰੱਖੇ**। ਇਸ ਬਾਅਦ ਦੀ ਕਾਰਵਾਈ ਨੇ ਇਸ ਗੱਲ ਤੇ ਜ਼ੋਰ ਦਿੱਤਾ ਕਿ ਗਰਾਰ ਸ਼ਹਿਰ ਤੋਂ ਉਸ ਦਾ ਕੱਢਿਆ ਜਾਣਾ ਇੱਕ ਬੇਇਨਸਾਫ਼ੀ ਸੀ ਕਿਉਂਕਿ ਉਨ੍ਹਾਂ ਵਿਸ਼ੇਸ਼ ਖੂਹਾਂ ਦੇ ਉੱਤੇ ਉਨ੍ਹਾਂ ਦਾ ਦਾਅਵਾ ਜਾਇਜ਼ ਸੀ। ਇਸ ਤੋਂ ਵੀ ਵੱਧ ਕੇ, ਇਨ੍ਹਾਂ ਵਿਚੋਂ ਇੱਕ ਖੂਹ ਦਾ ਨਾਮ ਪਹਿਲੇ ਅਬੀਮਲਕ ਦੇ ਨਾਲ ਅਬਰਾਹਾਮ ਦੀ ਸਹੁੰ ਦੀ ਯਾਦ ਦਿਵਾਉਂਦਾ ਹੈ, ਅਤੇ ਇਹ ਪੁਰਖੇ ਅਤੇ ਉਸ ਦੀ ਸੰਤਾਨ ਦੇ ਦੁਆਰਾ ਇਸ ਨੂੰ ਇਸਤੇਮਾਲ ਕੀਤੇ ਜਾਣ ਦੇ ਅਧਿਕਾਰ ਨੂੰ ਦਰਸਾਉਂਦਾ ਹੈ (21:22-32)।

**ਆਇਤ 19.** ਕੁਝ ਪੁਰਾਣੇ ਖੂਹਾਂ ਨੂੰ ਫਿਰ ਤੋਂ ਖੋਲਣ ਤੋਂ ਇਲਾਵਾ, **ਇਸਹਾਕ ਦੇ ਟਹਿਲੂਆਂ ਨੇ ਬੇਟ ਵਿੱਚ** [ਵੀ] **ਪੁੱਟਿਆ**; ਅਤੇ ਉਨ੍ਹਾਂ ਦੀਆਂ ਕੋਸ਼ਿਸ਼ਾਂ ਦੇ ਇਨਾਮ ਦੇ ਰੂਪ ਵਿਚ **ਉਨ੍ਹਾਂ ਨੂੰ ਉੱਥੇ ਸੁੰਬ ਫੁੱਟਦੇ ਪਾਣੀ ਦਾ ਇੱਕ ਖੂਹ ਲੱਭਾ**। ਦੱਖਣੀ ਕਨਾਨ ਵਿਚ ਪਾਣੀ ਦੀ ਖੋਜ ਕਦੀ ਵੀ ਖਤਮ ਨਹੀਂ ਹੋਈ ਸੀ, ਅਤੇ ਇੱਕ ਅਜਿਹੇ ਸੁੰਬ ਦਾ ਮਿਲਣਾ ਜੋ ਭੂਮੀਗਤ ਸਰੋਤ ਤੋਂ ਨਿਕਲਦਾ ਹੈ ਉਸ ਦਾ ਮੁੱਲ ਦੁੱਗਣਾ ਹੁੰਦਾ ਸੀ।

**ਆਇਤ 20.** ਇਸ ਮਹਾਨ ਖੋਜ ਨੇ ਇੱਕ ਹੋਰ ਵਿਵਾਦ ਨੂੰ ਪੈਦਾ ਕੀਤਾ ਸੀ ਕਿਉਂਕਿ **ਤਾਂ ਗਰਾਰ ਦੇ ਪਾਲੀ ਇਸਹਾਕ ਦੇ ਪਾਲੀਆਂ ਨੂੰ ਕੌੜੇ ਬਚਨ ਬੋਲੇ ਕਿ ਏਹ ਪਾਣੀ ਸਾਡਾ ਹੈ**। ਮੂਸਾ ਦੁਆਰਾ ਇਸਤੇਮਾਲ ਕੀਤੀ ਗਈ ਕਿਰਿਆ "ਕੌੜੇ ਬਚਨ ਬੋਲੇ" (רִיב, *ਰਿਬ)* ਲੂਤ ਅਤੇ

ਅਬਰਾਹਾਮ ਦੇ ਚਰਵਾਹਿਆਂ ਦੇ ਵਿਚਕਾਰ ਬਹੁਤ ਸਾਰੇ ਜਾਨਵਰਾਂ ਦੇ ਲਈ ਹੋਏ ਚਰਾਗਾਹਾਂ ਅਤੇ ਪਾਣੀ ਦੀ ਕਾਫੀ ਮਾਤਰਾ ਦੇ ਲਈ ਝਗੜੇ ਦੀ ਯਾਦ ਦਿਵਾਉਂਦਾ ਹੈ। ਇਸ ਪ੍ਰਸੰਗ ਵਿਚ, *ਰਿਬ* ਇੱਕ ਨਾਂਵ ਦੇ ਰੂਪ ਵਿਚ ਪਰਗਟ ਹੁੰਦਾ ਹੈ, ਅਤੇ NASB ਵਿਚ ਇਸ ਨੂੰ "ਝਗੜੇ" ਦੇ ਰੂਪ ਵਿਚ ਪਰਗਟ ਕੀਤਾ ਗਿਆ ਹੈ (13:7)। ਇਸ ਸਮੇਂ, ਇਸਹਾਕ ਨੇ **ਉਸ ਖੂਹ ਦਾ ਨਾਉਂ ਏਸਕ** [עֵשֶׂק, *ਏਸਕ*] **ਰੱਖਿਆ ਕਿਉਂਜੋ ਉਹ** [ਫ਼ਿਲਿਸਤੀਨੀ] **ਉਸ ਦੇ ਨੇ ਨਾਲ ਝਗੜਦੇ ਸਨ**। ਇਹ ਇਬਰਾਨੀ ਸ਼ਬਦ "ਝਗੜਾ ਕਰਨਾ" (עָשַׂק, *ਅਸਾਕ*) ਦਾ ਸ਼ਬਦ-ਜੋੜ ਸੀ।

**ਆਇਤ 21.** ਪਹਿਲੇ ਖੂਹ ਉੱਤੇ ਝਗੜਾ ਕਰਨ ਤੋਂ ਬਾਅਦ, ਇਸਹਾਕ ਦੇ ਲੋਕਾਂ ਨੇ **ਇੱਕ ਹੋਰ ਖੂਹ ਪੁੱਟਿਆ**; ਪਰ ਉਸ ਦੇ ਉੱਤੇ ਵੀ ਝਗੜਾ ਹੋਇਆ, ਅਤੇ **ਉਸ ਨੇ ਉਹ ਦਾ ਨਾਉਂ ਸਿਟਨਾ** (שִׂטְנָה, *ਸਿਟਨਾ*) ਰੱਖਿਆ, ਜਿਸ ਦਾ ਮਤਲਬ ਹੈ "ਵੈਰ" ਜਾਂ "ਦੋਸ਼।"[8] ਇਸ ਸ਼ਬਦ ਦਾ ਇੱਕ ਸੰਬੰਧਤ ਰੂਪ שָׂטָן (*ਸਤਾਨ*),[9] ਨੂੰ ਕਈਆਂ ਸਥਾਨਾਂ ਤੇ ਨਿਸ਼ਚਤ ਲੇਖ, ਅਰਥ ਨਾਲ ਜਿਸ "ਵਿਰੋਧੀ," ਜਾਂ "ਦੋਸ਼ ਲਾਉਣ ਵਾਲਾ," "ਸ਼ੈਤਾਨ" ਦੇ ਨਾਲ ਵਰਤਿਆ ਗਿਆ ਹੈ (ਅੱਯੂਬ 1:6; 2:1; ਜ਼ਕਰਯਾਹ 3:1)। ਪਰਕਾਸ਼ ਦੀ ਪੋਥੀ 12:9, 10 ਵਿਚ ਯੂਹੰਨਾ ਨੇ "ਸ਼ਤਾਨ" ਦੀ ਪਹਿਚਾਣ "ਸੱਪ"[10] ਅਤੇ "ਭਾਈਆਂ ਨੂੰ ਦੋਸ਼ ਲਾਉਣ ਵਾਲ" ਦੇ ਰੂਪ ਵਿਚ ਦਿੱਤੀ ਹੈ।

**ਆਇਤ 22.** ਫ਼ਿਲਿਸਤੀਆਂ ਦੇ ਨਾਲ ਦੋ ਨਵੇਂ ਖੂਹਾਂ ਤੇ ਝਗੜਾ ਕਰਨ ਤੋਂ ਬਾਅਦ, ਇੱਕ ਵਾਰ ਫਿਰ ਇਸਹਾਕ ਨੇ ਤਨਾਅ ਨੂੰ ਘਟਾਉਣ ਅਤੇ ਉਨ੍ਹਾਂ ਖੂਹਾਂ ਨੂੰ ਪਿੱਛੇ ਛੱਡ ਕੇ ਆਪਣੇ ਗੁਆਂਢੀਆਂ ਦੇ ਨਾਲ ਚੰਗੇ ਸੰਬੰਧ ਸਥਾਪਤ ਕਰਨ ਦੇ ਲਈ ਕੋਸ਼ਿਸ਼ ਕੀਤੀ। **ਉਹ ਉੱਥੋਂ ਤੁਰ ਪਿਆ ਅਰ ਉਸ ਨੇ ਇੱਕ ਹੋਰ ਖੂਹ ਪੁੱਟਿਆ।** ਇਸ ਵਾਰ, ਉਹ ਅਤੇ ਉਹ ਦੇ ਲੋਕ ਅਬੀਮਲਕ ਦੇ ਲੋਕਾਂ ਤੋਂ ਕਾਫੀ ਦੂਰ ਵੱਸ ਗਏ ਕਿ ਉਨ੍ਹਾਂ ਨੇ ਇਸ ਨਵੇਂ ਖੂਹ ਦੇ **ਵਿਖੇ ਕੌੜੇ ਬਚਨ ਨਹੀਂ ਬੋਲੇ**। ਇਸ ਲਈ ਇਸਹਾਕ ਨੇ **ਉਹ ਦਾ ਨਾਉਂ ਰਹੋਬੋਥ** (רְחֹבוֹת, *ਰਚਿਓਬੋਥ*) ਰੱਖਿਆ, ਜਿਸ ਦਾ ਅਰਥ ਹੈ "ਚੌੜਾ" ਜਾਂ "ਵਿਆਪਕ ਸਥਾਨ।" "ਰਹੋਬੋਥ" ਨੂੰ "ਏਰਰੂਹੇਬ" ਦਾ ਸਰੋਤ ਮੰਨਿਆ ਜਾਂਦਾ ਹੈ, ਇਹ ਵਾਡੀਰੂਹੇਬੇਬ ਦੇ ਕੋਲ, ਬਏਰਸਬਾ ਤੋਂ ਲਗਭਗ 20 ਮੀਲ ਦੱਖਣ ਪੱਛਮ ਵਿਚ ਹੈ। ਇਸ ਵਿਚ ਨੇਗੇਵ ਦਾ ਸਭ ਤੋਂ ਵੱਡਾ ਖੂਹ ਹੈ, ਅਤੇ ਕੁਝ ਲੋਕ ਇਸ ਨੂੰ ਇਸਹਾਕ ਦੇ ਖੂਹ ਦੇ ਰੂਪ ਵਿਚ ਪਛਾਣਦੇ ਹਨ।[11] "ਰਹੋਬੋਥ" ਨਾਮ ਦੇ ਪਿੱਛੇ ਵਿਚਾਰ ਹੈ ਕਿ **ਯਹੋਵਾਹ ਨੇ ਸਾਨੂੰ ਮੋਕਲੀ ਥਾਂ ਦਿੱਤੀ ਹੈ। ਅਸੀਂ ਏਸ ਧਰਤੀ ਵਿੱਚ ਫਲਾਂਗੇ** ਇਸਹਾਕ ਦੇ ਲੋਕਾਂ ਦੇ ਕੋਲ ਹੁਣ ਮੋਕਲੀ ("ਚੌੜਾ ਸਥਾਨ") ਥਾਂ ਸੀ ਜਿਸ ਵਿਚ ਉਹ ਹੁਣ ਫੈਲ ਸਕਦੇ ਸਨ।

## ਇਸਹਾਕ ਬਏਰਸਬਾ ਵਿਚ (26:23-33)

### ਬਏਰਸਬਾ ਵਿਚ ਪਰਮੇਸ਼ੁਰ ਦਾ ਦਰਸ਼ਣ (26:23-25)

**[23]ਜਾਂ ਉਹ ਉੱਥੋਂ ਉਤਾਹਾਂ ਬਏਰਸਬਾ ਨੂੰ ਗਿਆ। ਤਾਂ ਉੱਸੇ ਰਾਤ ਯਹੋਵਾਹ ਨੇ ਉਹ ਨੂੰ ਦਰਸ਼ਨ ਦਿੱਤਾ ਅਰ ਆਖਿਆ, ਮੈਂ ਤੇਰੇ ਪਿਤਾ ਅਬਰਾਹਾਮ ਦਾ ਪਰਮੇਸ਼ੁਰ ਹਾਂ। [24]ਨਾ ਡਰ ਕਿਉਂਜੋ ਮੈਂ ਤੇਰੇ ਸੰਗ ਹਾਂ ਅਤੇ ਮੈਂ ਤੈਨੂੰ ਬਰਕਤ ਦਿਆਂਗਾ ਅਰ ਤੇਰੀ ਅੰਸ ਨੂੰ ਅਬਰਾਹਾਮ ਆਪਣੇ ਦਾਸ ਦੇ ਕਾਰਨ ਵਧਾਵਾਂਗਾ। [25]ਉਪਰੰਤ ਉਸ ਉੱਥੇ ਇੱਕ ਜਗਵੇਦੀ ਬਣਾਈ ਅਤੇ ਯਹੋਵਾਹ ਦਾ ਨਾਮ ਲਿਆ ਅਤੇ ਉੱਥੇ ਆਪਣਾ ਤੰਬੂ ਖੜਾ ਕੀਤਾ ਅਤੇ ਉੱਥੇ ਇਸਹਾਕ ਦੇ ਟਹਿਲੂਆਂ ਨੇ ਇੱਕ ਖੂਹ ਪੁੱਟਿਆ।**

**ਆਇਤ 23.** ਗਰਾਰ ਦੇ ਇਲਾਕੇ ਵਿਚ ਫ਼ਿਲਿਸਤੀਆਂ ਦੇ ਨਾਲ ਕਈਆਂ ਟਕਰਾਵਾਂ ਦੇ ਬਾਅਦ, ਇਸਹਾਕ ਅਤੇ ਉਸ ਦੇ ਪਰਿਵਾਰ ਨੇ ਨੇਗੇਵ ਦੀਆਂ ਉੱਤਰ-ਪੂਰਬੀ ਪਹਾੜੀਆਂ ਦੀ ਚੜ੍ਹਾਈ ਚੜ੍ਹਦੇ ਹੋਏ, **ਬਏਰਸਬਾ** ਤੱਕ ਯਾਤਰਾ ਕੀਤੀ।

**ਆਇਤ 24.** ਜਦੋਂ ਉਹ ਆਪਣੇ ਨਵੇਂ ਸਥਾਨ ਤੇ ਪਹੁੰਚੇ ਉਸੇ **ਰਾਤ**, **ਯਹੋਵਾਹ ਨੇ** ਇਸਹਾਕ ਨੂੰ **ਦਰਸ਼ਨ ਦਿੱਤਾ**, ਉਸ ਨੇ ਆਪਣੀ ਪਛਾਣ ਦਿੱਤੀ ਕਿ **ਮੈਂ ਤੇਰੇ ਪਿਤਾ ਅਬਰਾਹਾਮ ਦਾ ਪਰਮੇਸ਼ੁਰ ਹਾਂ**। ਜਦੋਂ ਪਰਮੇਸ਼ੁਰ ਨੇ ਆਪਣੇ ਆਪ ਨੂੰ ਇਸਹਾਕ ਤੇ, ਯਾਕੂਬ ਤੇ (28:13), ਅਤੇ ਬਾਅਦ ਵਿਚ ਮੂਸਾ ਤੇ (ਕੂਚ 3:6) ਪਰਗਟ ਕੀਤਾ, ਤਾਂ ਉਸ ਨੇ ਅਕਸਰ ਇਨ੍ਹਾਂ ਸ਼ਬਦਾਂ ਦੇ ਨਾਲ ਹੀ ਗੱਲ ਸ਼ੁਰੂ ਕੀਤੀ ਜਿਵੇਂ “ਮੈਂ ਤੇਰੇ ਪਿਤਾ ਅਬਰਾਹਾਮ ਦਾ ਪਰਮੇਸ਼ੁਰ ਹਾਂ।” ਉਸ ਨੇ ਕਦੀ ਇਹ ਕਹਿ ਕੇ ਗੱਲ ਸ਼ੁਰੂ ਨਹੀਂ ਕੀਤੀ, “ਮੈਂ ਤੇਰੇ ਪਿਤਾ ਤਾਰਹ ਦਾ ਪਰਮੇਸ਼ੁਰ ਹਾਂ” ਕਿਉਂਕ ਜਦੋਂ ਪਰਮੇਸ਼ੁਰ ਨੇ ਅਬਰਾਹਾਮ ਨੂੰ ਮਸੋਪੋਤਾਮੀਆ ਤੋਂ ਬਾਹਰ ਬੁਲਾਇਆ ਤਾਂ ਬਾਈਬਲ ਦੇ ਇਤਹਾਸ ਵਿਚ ਇੱਕ ਨਵੇਂ ਯੁੱਗ ਦੀ ਸ਼ੁਰੂਆਤ ਹੋ ਗਈ ਸੀ। ਇਸਹਾਕ ਅਤੇ ਉਸ ਤੋਂ ਬਾਅਦ ਵਿਚ ਆਉਣ ਵਾਲੇ ਸਭ ਲੋਕ ਅਬਰਾਹਾਮ ਦੇ ਪਰਮੇਸ਼ੁਰ ਨੂੰ ਉਸ ਦੇ ਪਿਤਾ ਤਾਰਹ ਦੇ ਦੇਵਤਿਆਂ ਤੋਂ ਵੱਖਰਾ ਕਰਨਾ ਚਾਹੁੰਦੇ ਸਨ (ਯਹੋਸ਼ੁਆ 24:2)।

ਇਸ ਦਰਸ਼ਣ ਦਾ ਕਾਰਣ ਇਸਹਾਕ ਨੂੰ ਤਸੱਲੀ ਦੇਣਾ ਅਤੇ ਉਸ ਨੂੰ ਭਰੋਸਾ ਦਿਵਾਉਣਾ ਸੀ। ਪਰਮੇਸ਼ੁਰ ਨੇ ਕਿਹਾ, **ਨਾ ਡਰ ਕਿਉਂਜੋ ਮੈਂ ਤੇਰੇ ਸੰਗ ਹਾਂ**। ਉਸ ਨੇ ਮਸੋਪੋਤਾਮੀਆ ਦੇ ਚਾਰ ਰਾਜਿਆਂ ਉੱਤੇ ਉਸ ਦੀ ਜਿੱਤ ਤੋਂ ਪਿੱਛੋਂ ਵੀ ਉਸ ਨੂੰ ਇਹੋ ਬਿਆਨ ਦਿੱਤਾ ਸੀ (14:14-16)। ਸ਼ਾਇਦ ਅਬਰਾਹਾਮ ਨੂੰ ਡਰ ਸੀ ਕਿ ਉਹ ਲੜਾਈ ਨੂੰ ਮੁੜ ਛੇੜਣ ਦੇ ਲਈ ਵਾਪਸ ਆ ਜਾਣਗੇ, ਇਸ ਲਈ ਪਰਮੇਸ਼ੁਰ ਨੇ ਇਹ ਕਹਿੰਦੇ ਹੋਏ ਉਸ ਨੂੰ ਹੌਂਸਲਾ ਦਿੱਤਾ ਕਿ ਉਹ ਪੁਰਖੇ ਦੀ “ਢਾਲ” ਹੋਵੇਗਾ (15:1)। ਇਸੇ ਤਰ੍ਹਾਂ, ਜਿਵੇਂ 26:7 ਵਿਚ ਸੰਕੇਤ ਦਿੱਤਾ ਗਿਆ ਹੈ, ਇਸਹਾਕ ਨੂੰ ਫ਼ਿਲਿਸਤੀਆਂ ਦਾ ਡਰ ਸੀ, ਕਿਉਂਕਿ ਉਹ ਹੁਣ ਵੀ ਜਿੱਥੇ ਕਿਤੇ ਵੱਸਣਾ ਚਾਹੁੰਦਾ ਸੀ ਉੱਥੇ ਉਸ ਨੂੰ ਸਤਾਇਆ ਗਿਆ। ਉਹ ਉਨ੍ਹਾਂ ਦੇ ਹੱਥੋਂ ਸਰੀਰਕ ਤੌਰ ਤੇ ਸਤਾਏ ਜਾਣ ਤੋਂ ਡਰਦਾ ਸੀ; ਅਤੇ ਇਸੇ ਲਈ ਉਹ ਉਨ੍ਹਾਂ ਖੂਹਾਂ ਨੂੰ ਜੋ ਕਾਨੂੰਨੀ ਤੌਰ ਤੇ ਉਸ ਦੇ ਸਨ ਸਮਰਪਿਤ ਕਰਦਾ ਹੋਇਆ, ਉਨ੍ਹਾਂ ਤੋਂ ਅੱਗੇ ਤੋਂ ਅੱਗੇ ਵਧੀ ਜਾ ਰਿਹਾ ਸੀ। ਪ੍ਰਭੂ ਦੇ ਦੁਆਰਾ ਇਸ ਗੱਲ ਦੀ ਪੁਸ਼ਟੀ ਕਰਨਾ ਮਹੱਤਵਪੂਰਣ ਸੀ ਕਿ ਉਸ ਦੀ ਹਜ਼ੂਰੀ ਉਸ ਦੇ ਨਾਲ ਬਣੀ ਹੋਈ ਹੈ ਕਿਉਂਕਿ ਉਸ ਨੇ ਨੇਮ ਦੇ ਉਨ੍ਹਾਂ ਵਾਇਦਿਆਂ ਨੂੰ ਦੁਹਰਾਇਆ ਜੋ ਪਹਿਲਾਂ ਉਸ ਨੇ ਉਸ ਦੇ ਪਿਤਾ ਦੇ ਨਾਲ ਕੀਤੇ ਸਨ: **ਮੈਂ ਤੈਨੂੰ ਬਰਕਤ ਦਿਆਂਗਾ ਅਰ ਤੇਰੀ ਅੰਸ ਨੂੰ ਅਬਰਾਹਾਮ ਆਪਣੇ ਦਾਸ ਦੇ ਕਾਰਨ ਵਧਾਵਾਂਗਾ**। ਪੁਰਾਣੇ ਨੇਮ ਵਿਚ, “ਮੇਰਾ ਦਾਸ” ਅਤੇ “ਯਹੋਵਾਹ ਦਾ ਦਾਸ” ਵਿਸ਼ਵਾਸ ਦੇ ਮਹਾਨ ਪੁਰਖਾਂ ਦੇ ਲਈ ਸਨਮਾਨ ਦੇ ਸਿਰਲੇਖ ਹਨ (ਗਿਣਤੀ 12:7, 8; 14:24; ਯਹੋਸ਼ੁਆ 24:29; 2 ਸਮੂਏਲ 3:18; ਅੱਯੂਬ 1:8)।

**ਆਇਤ 25.** ਇਸ ਭਰੋਸੇ ਤੋਂ ਬਾਅਦ, ਇਸਹਾਕ ਦੀ ਧੰਨਵਾਦੀ ਪ੍ਰਕਿਰਿਆ **ਇੱਕ ਜਗਵੇਦੀ** ਬਣਾਉਣਾ ਅਤੇ **ਯਹੋਵਾਹ ਦਾ ਨਾਮ** ਪੁਕਾਰਨਾ ਸੀ। ਇਸ ਤਰ੍ਹਾਂ ਕਰਨ ਦੇ ਦੁਆਰਾ, ਉਸ ਨੇ ਆਪਣੇ ਪਿਤਾ ਦੀ ਉਦਾਹਰਣ ਦਾ ਪਾਲਣ ਕੀਤਾ (12:7, 8; 13:18; 22:9)। ਇਹ ਬਿਆਨ ਕਿ ਉਸ ਨੇ ਯਹੋਵਾਹ ਦੇ ਨਾਮ ਨੂੰ ਪੁਕਾਰਿਆ ਸਪੱਸ਼ਟ ਤੌਰ ਤੇ ਇਸ ਗੱਲ ਨੂੰ ਦਰਸਾਉਂਦਾ ਹੈ ਕਿ ਇਹ ਜਗਵੇਦੀ ਬੰਦਗੀ ਦਾ ਇੱਕ ਸਥਾਨ ਸੀ। ਉੱਥੇ, ਯਕੀਨੀ ਤੌਰ ਤੇ ਓਪਰੇ ਦੇਸ ਵਿਚ ਰਹਿੰਦਿਆਂ ਹੋਇਆਂ ਵੀ ਆਪਣੀ ਸਾਰੀ ਧਨ-ਦੌਲਤ ਦੀ ਬਰਕਤ ਦੇ ਲਈ ਅਤੇ ਆਪਣੇ ਆਪ ਨੂੰ

ਸੰਭਾਲਣ ਅਤੇ ਉਸ ਆਪਣੇ ਲੋਕਾਂ ਅਤੇ ਜਾਨਵਰਾਂ ਦਾ ਪ੍ਰਬੰਧ ਕਰਨ ਦੇ ਲਈ ਪਰਮੇਸ਼ੁਰ ਦਾ ਧੰਨਵਾਦ ਅਤੇ ਮਹਿਮਾ ਕੀਤੀ। ਫ਼ਿਲਿਸਤੀਆਂ ਦੇ ਵਿਚਕਾਰ ਰਹਿੰਦੇ ਹੋਏ ਆਪਣੇ ਸਾਰੇ ਬੁਰੇ ਅਨੁਭਵਾਂ ਦੇ ਬਾਵਜੂਦ, ਲਿਖਤ ਕਹਿੰਦੀ ਹੈ ਕਿ ਉਸ ਨੇ **ਉੱਥੇ ਆਪਣਾ ਤੰਬੂ ਖੜਾ ਕੀਤਾ;** ਅਤੇ, ਇੱਕ ਵਾਰ ਫਿਰ, ਉਸ ਦੇ **ਟਹਿਲੂਆਂ ਨੇ ਇੱਕ ਖੂਹ ਪੁੱਟਿਆ**।

### ਇਸਹਾਕ ਦੀ ਅਬੀਮਲਕ ਦੇ ਨਾਲ ਸੰਧੀ (26:26-33)

**26ਅਬੀਮਲਕ ਅਰ ਅਹੁੱਜ਼ਥ ਉਹ ਦਾ ਮਿੱਤ੍ਰ ਅਰ ਫੀਕੋਲ ਉਹ ਦੀ ਸੈਨਾ ਦਾ ਸਰਦਾਰ ਗਰਾਰ ਤੋਂ ਉਹ ਦੇ ਕੋਲ ਆਏ। 27ਪਰ ਇਸਹਾਕ ਨੇ ਉਨ੍ਹਾਂ ਨੂੰ ਆਖਿਆ, ਤੁਸੀਂ ਕਿਉਂ ਮੇਰੇ ਕੋਲ ਆਏ ਹੋ ਜਦ ਕਿ ਤੁਸਾਂ ਮੇਰੇ ਨਾਲ ਵੈਰ ਕਰਕੇ ਆਪਣੇ ਵਿੱਚੋਂ ਮੈਨੂੰ ਕੱਢ ਦਿੱਤਾ? 28ਤਾਂ ਉਨ੍ਹਾਂ ਨੇ ਆਖਿਆ ਭਈ ਹੁਣ ਸਫਾਈ ਨਾਲ ਅਸਾਂ ਵੇਖਿਆ ਹੈ ਕਿ ਯਹੋਵਾਹ ਤੁਹਾਡੇ ਸੰਗ ਹੈ ਤਾਂ ਅਸਾਂ ਆਖਿਆ ਕਿ ਸਾਡੇ ਦੋਹਾਂ ਦੇ ਵਿਚਕਾਰ ਅਰਥਾਤ ਸਾਡੇ ਅਰ ਤੁਹਾਡੇ ਵਿੱਚ ਇੱਕ ਪਰਨ ਹੋਵੇ ਅਤੇ ਅਸੀਂ ਇੱਕ ਨੇਮ ਤੁਹਾਡੇ ਨਾਲ ਬੰਨ੍ਹੀਏ। 29ਤੁਸੀਂ ਸਾਡੇ ਨਾਲ ਬੁਰਿਆਈ ਨਾ ਕਰਨੀ ਜਿਵੇਂ ਅਸੀਂ ਤੁਹਾਨੂੰ ਹੱਥ ਨਹੀਂ ਲਾਇਆ ਅਰ ਤੁਹਾਡੇ ਨਾਲ ਭਲਿਆਈ ਹੀ ਕੀਤੀ ਅਤੇ ਤੁਹਾਨੂੰ ਸ਼ਾਂਤੀ ਨਾਲ ਤੋਰ ਦਿੱਤਾ। ਹੁਣ ਤੁਸੀਂ ਯਹੋਵਾਹ ਵੱਲੋਂ ਮੁਬਾਰਕ ਹੋ। 30ਤਾਂ ਉਹ ਨੇ ਓਹਨਾਂ ਦੀ ਦਾਉਤ ਕੀਤੀ ਅਰ ਉਨ੍ਹਾਂ ਨੇ ਖਾਧਾ ਪੀਤਾ। 31ਅਰ ਸਵੇਰੇ ਉੱਠਕੇ ਹਰ ਇੱਕ ਨੇ ਆਪਣੇ ਭਰਾ ਨਾਲ ਸੌਂਹ ਖਾਧੀ ਅਰ ਇਸਹਾਕ ਨੇ ਉਨ੍ਹਾਂ ਨੂੰ ਤੋਰ ਦਿੱਤਾ ਅਤੇ ਓਹ ਸ਼ਾਂਤੀ ਨਾਲ ਉੱਥੋਂ ਚੱਲੇ ਗਏ। 32ਉਸੇ ਦਿਨ ਐਉਂ ਹੋਇਆ ਕਿ ਇਸਹਾਕ ਦੇ ਟਹਿਲੂਆਂ ਨੇ ਆਕੇ ਉਸ ਖੂਹ ਦੇ ਵਿਖੇ ਜਿਹੜਾ ਉਨ੍ਹਾਂ ਨੇ ਪੁੱਟਿਆ ਸੀ ਉਹ ਨੂੰ ਦੱਸਿਆ ਕਿ ਸਾਨੂੰ ਪਾਣੀ ਲੱਭਾ ਹੈ। 33ਤਾਂ ਉਸ ਨੇ ਉਸ ਦਾ ਨਾਉਂ ਸ਼ਿਬਆਹ ਰੱਖਿਆ। ਏਸ ਕਾਰਨ ਉਸ ਨਗਰ ਦਾ ਨਾਉਂ ਅੱਜ ਤੀਕ ਬਏਰਸਬਾ ਹੈ।**

**ਆਇਤ 26.** ਅਧਿਆਇ ਦੇ ਸ਼ੁਰੂ ਵਿਚ, ਇਸਹਾਕ ਨੇ ਗਰਾਰ ਵਿਚ ਅਬੀਮਲਕ ਦੇ ਨਾਲ ਮਿਲਣ ਦੇ ਲਈ ਨੇਗੇਵ ਤੋਂ ਉੱਤਰ-ਪੂਰਬ ਵੱਲ ਯਾਤਰਾ ਕੀਤੀ (26:1)। ਹੁਣ ਸਥਿਤੀ ਕਿਸੇ ਹੱਦ ਤੱਕ ਉਲਟ ਸੀ, ਕਿਉਂਕਿ **ਅਬੀਮਲਕ** ਨੇ ਬਏਰਸਬਾ ਵਿਚ ਇਸਹਾਕ ਨੂੰ ਮਿਲਣ ਦੇ ਲਈ **ਗਰਾਰ ਤੋਂ** ਦੱਖਣ-ਪੂਰਬ ਦੀ ਯਾਤਰਾ ਕੀਤੀ ਸੀ। ਰਾਜਾ ਆਪਣੇ ਨਾਲ ਦੋ ਸਰਕਾਰੀ ਅਧਿਕਾਰੀਆਂ ਨੂੰ ਲਿਆਇਆ ਸੀ: **ਅਹੁੱਜ਼ਥ ਉਹ ਦਾ ਮਿੱਤ੍ਰ ਅਰ ਫੀਕੋਲ ਉਹ ਦੀ ਸੈਨਾ ਦਾ ਸਰਦਾਰ**।

ਅਬਰਾਹਾਮ ਦੇ ਸਮੇਂ ਵਿਚ ਪਹਿਲੇ ਅਫ਼ਸਰਾਂ ਦੇ ਲਈ "ਫੀਕੋਲ" ਨਾਮ ਮਸ਼ਹੂਰ ਸੀ (21:22, 32)। ਹੋ ਸਕਦਾ ਹੈ ਕਿ "ਫੀਕੋਲ" ਇੱਕ ਸੈਨਿਕ ਖਿਤਾਬ ਹੋਵੇ, ਜਿਵੇਂ "ਅਬੀਮਲਕ" ਇੱਕ ਸ਼ਾਹੀ ਸਿਰਲੇਖ ਸੀ। ਇੱਕ ਹੋ ਸੰਭਾਵਨਾ ਇਹ ਹੋ ਸਕਦੀ ਹੈ ਕਿ ਸਰਦਾਰ ਪਹਿਲੇ ਫੀਕੋਲ ਤੋਂ ਨਿਕਲਿਆ ਸੀ ਅਤੇ ਉਸ ਦਾ ਨਾਮ ਉਸ ਦੇ ਨਾਮ ਤੇ ਰੱਖਿਆ ਗਿਆ ਸੀ।[12]

ਪੁਰਾਣੇ ਨੇਮ ਵਿਚ ਨਾਮ "ਅਹੁੱਜ਼ਥ" ਸਿਰਫ ਇਸੇ ਸਥਾਨ ਤੇ ਪਾਇਆ ਜਾਂਦਾ ਹੈ। ਫੀਕੋਲ ਦੇ ਮੁਕਾਬਲੇ, ਸਭ ਤੋਂ ਉੱਚ ਫ਼ੌਜੀ ਅਫ਼ਸਰ, ਉਹ ਸ਼ਾਇਦ ਰਾਜੇ ਦਾ ਸਭ ਤੋਂ ਨਜ਼ਦੀਕੀ ਨਾਗਰਿਕ ਸਲਾਹਕਾਰ ਜਾਂ "ਮਿੱਤਰ" ਸੀ (KJV; NEB)। ਪ੍ਰਾਚੀਨ ਨੇੜਲੇ ਪੂਰਬ ਵਿਚੋਂ ਅਤੇ ਇਸਰਾਏਲੀ ਰਾਜਸ਼ਾਹੀ ਦੇ ਬਾਅਦ ਦੇ ਇਤਹਾਸ ਵਿਚ, ਇੱਕ ਰਾਜੇ ਦੇ ਕੋਲ ਸਿਰਫ ਸੈਨਿਕ ਸਲਾਹਕਾਰ ਅਤੇ ਕਮਾਂਡਰ ਹੀ ਨਹੀਂ ਹੁੰਦਾ ਸੀ (ਜਿਵੇਂ ਦਾਊਦ ਨੇ ਯੋਆਬ ਤੇ ਭਰੋਸਾ ਕੀਤਾ ਸੀ; 2 ਸਮੂਏਲ 5:8; 1 ਇਤਹਾਸ 11:6), ਪਰ ਉਹ ਵੀ ਸਭ ਤੋਂ ਭਰੋਸੇਮੰਦ ਨਾਗਰਿਕ ਸਲਾਹਕਾਰ ਮਿੱਤਰ ਸੀ (ਜਿਵੇਂ

ਹੂਸ਼ਈ, ਜਿਸ ਨੂੰ "ਦਾਊਦ ਦੇ ਮਿੱਤਰ ਦੇ ਰੂਪ ਵਿਚ ਜਾਣਿਆ ਜਾਂਦਾ ਹੈ"; 2 ਸਮੂਏਲ 15:37; 16:16)।

**ਆਇਤ 27.** ਕਿਉਂਕਿ ਅਬੀਮਲਕ ਦੇ ਨਾਲ ਇੱਕ ਸੈਨਾ ਨਹੀਂ ਸੀ, ਇਸ ਲਈ **ਇਸਹਾਕ** ਨੂੰ ਪਤਾ ਸੀ ਕਿ ਰਾਜੇ ਦਾ ਮਿਸ਼ਨ ਸ਼ਾਂਤੀਪੂਰਣ ਸੀ। ਪਰ, ਉਸ ਨੇ ਇਨ੍ਹਾਂ ਫ਼ਿਲਿਸਤੀਆਂ ਦਾ ਹਾਰਦਿਕ ਸਵਾਗਤ ਨਹੀਂ ਕੀਤਾ ਸੀ ਕਿਉਂਕਿ ਉਨ੍ਹਾਂ ਨੇ ਉਸ ਨੂੰ ਗਰਾਰ ਛੱਡਣ ਦੇ ਲਈ ਮਜ਼ਬੂਰ ਕੀਤਾ ਸੀ ਅਤੇ ਉਸ ਦੇ ਬਹੁਤ ਸਾਰੇ ਖੂਹਾਂ ਤੇ ਕਬਜ਼ਾ ਕਰਕੇ ਉਸ ਦੇ ਅਤੇ ਉਸ ਦੇ ਲੋਕਾਂ ਦੇ ਨਾਲ ਬਦਸਲੂਕੀ ਕੀਤੀ ਸੀ। ਇਸਹਾਕ ਨੇ ਉਨ੍ਹਾਂ ਦੇ ਵਿਚਕਾਰ ਰਹਿਣ ਦਾ ਅਨੰਦ ਨਹੀਂ ਲਿਆ, ਅਤੇ ਉਸ ਨੇ ਪੁੱਛਿਆ, **ਤੁਸੀਂ ਕਿਉਂ ਮੇਰੇ ਕੋਲ ਆਏ ਹੋ ਜਦ ਕਿ ਤੁਸਾਂ ਮੇਰੇ ਨਾਲ ਵੈਰ ਕਰਕੇ ਆਪਣੇ ਵਿੱਚੋਂ ਮੈਨੂੰ ਕੱਢ ਦਿੱਤਾ?**

ਇਸ ਗੱਲ ਤੇ ਵਿਚਾਰ ਕਰਦੇ ਹੋਏ ਕਿ ਹੁਣ ਤੱਕ ਇਸਹਾਕ ਫ਼ਿਲਿਸਤੀਆਂ ਦੇ ਨਾਲ ਕਿਵੇਂ ਸ਼ਾਂਤੀ ਦੇ ਨਾਲ ਰਿਹਾ ਸੀ, ਇਸ ਸਮੇਂ ਉਸ ਦੇ ਦੁਆਰਾ ਅਚਾਨਕ ਕੀਤਾ ਗਿਆ ਇਹ ਝਗੜਾ ਉਸ ਦੇ ਚਰਿੱਤਰ ਤੋਂ ਬਾਹਰ ਜਾਪ ਰਿਹਾ ਸੀ। ਕੀ ਉਹ ਆਖਿਰਕਾਰ ਖੁੱਲ੍ਹੀ ਦੁਸ਼ਮਣੀ ਵਿਖਾ ਰਿਹਾ ਸੀ, ਜਾਂ ਕੀ ਉਹ ਸਿਰਫ ਇਸ ਲਈ ਗੁੱਸਾ ਵਿਖਾ ਰਿਹਾ ਸੀ ਕਿਉਂਕਿ ਇਸ ਸਮੇਂ ਅਬੀਮਲਕ ਹਥਿਆਰਬੰਦ ਫੌਜ਼ਾਂ ਦੇ ਦਲ ਨਾਲ ਨਹੀਂ ਆਇਆ ਸੀ? ਅਸੀਂ ਇਸ ਗੁੱਸੇ ਦੇ ਵਿਸਫੋਟ ਦੇ ਕਾਰਣ ਨੂੰ ਨਹੀਂ ਜਾਣਦੇ ਹਾਂ, ਪਰ ਇਸਹਾਕ ਸਪੱਸ਼ਟ ਤੌਰ ਤੇ ਆਪਣੇ ਧੀਰਜ ਦੇ ਅੰਤ ਤੀਕ ਪਹੁੰਚ ਚੁੱਕਾ ਸੀ ਅਤੇ ਉਸ ਨੇ ਆਪਣੇ ਧਾਰਮਿਕ ਗੁੱਸੇ ਨੂੰ ਬਾਹਰ ਨਿਕਲਣ ਦੀ ਇਜਾਜ਼ਤ ਦੇ ਦਿੱਤੀ ਸੀ।

**ਆਇਤਾਂ 28, 29.** ਇਸਹਾਕ ਦੇ ਪ੍ਰਸ਼ਨ ਅਤੇ ਦੋਸ਼ ਨੇ ਫ਼ਿਲਿਸਤੀਆਂ ਨੂੰ ਹੈਰਾਨ ਕਰ ਦਿੱਤਾ ਹੋਵੇਗਾ। ਉਹ ਨੁਕਸਾਨ ਦੀ ਸਥਿਤੀ ਵਿਚ ਸਨ ਅਤੇ ਉਨ੍ਹਾਂ ਨੂੰ ਆਪਣੇ ਕੰਮਾਂ ਦੀ ਰਾਖੀ ਕਰਨੀ ਪਈ। ਉਨ੍ਹਾਂ ਨੇ ਕੌੜੇ ਸ਼ਬਦਾਂ ਦੇ ਨਾਲ ਜਵਾਬ ਨਹੀਂ ਦਿੱਤਾ; ਇਸ ਦੀ ਬਜਾਇ, ਉਨ੍ਹਾਂ ਨੇ ਪ੍ਰਸ਼ੰਸਾਯੋਗ ਸ਼ਬਦਾਂ ਦੀ ਵਰਤੋਂ ਕਰਕੇ ਇਸਹਾਕ ਦੀ ਸ਼ਲਾਘਾ ਕੀਤੀ: **ਹੁਣ ਸਫਾਈ ਨਾਲ ਅਸਾਂ ਵੇਖਿਆ ਹੈ ਕਿ ਯਹੋਵਾਹ ਤੁਹਾਡੇ ਸੰਗ ਹੈ** (ਵੇਖੋ 21:22)। ਇਸ ਦਾ ਅਰਥ ਇਹ ਨਹੀਂ ਹੈ ਕਿ ਇਨ੍ਹਾਂ ਫ਼ਿਲਿਸਤੀਨੀਆਂ ਨੇ ਸਾਰੇ ਦੇਵਤਿਆਂ ਨੂੰ ਛੱਡ ਕੇ "ਪ੍ਰਭੂ" (ਯਹੋਵਾਹ) ਵਿਚ ਵਿਸ਼ਵਾਸ ਕੀਤਾ ਸੀ ਕਿ ਉਹੀ ਸੱਚਾ ਪਰਮੇਸ਼ੁਰ ਹੈ, ਪਰ ਸ਼ਾਇਦ ਉਨ੍ਹਾਂ ਨੇ ਇਸਹਾਕ ਦੇ ਪਰਮੇਸ਼ੁਰ ਨੂੰ ਹੋਰਨਾਂ ਦੇਵਤਿਆਂ ਦੀ ਤੁਲਨਾ ਵਿਚ ਵਧੇਰੇ ਸ਼ਕਤੀਸ਼ਾਲੀ ਮੰਨਿਆ ਹੋਵੇਗਾ। ਇਸ ਲਈ, ਇਹ ਇੱਕ ਚਲਾਕੀ ਭਰੀ ਰਣਨੀਤੀ ਸੀ ਤਾਂ ਕਿ ਉਸ ਦੀ ਨਰਾਜ਼ਗੀ ਅਤੇ ਕ੍ਰੋਧ ਨੂੰ ਦੂਰ ਕੀਤਾ ਜਾ ਸਕੇ। ਯਹੋਵਾਹ ਨੇ ਨਾ ਸਿਰਫ ਉਸ ਪਰਦੇਸੀ ਨੂੰ ਨੁਕਸਾਨ ਤੋਂ ਬਚਾਇਆ ਸੀ ਪਰ ਉਸ ਦੇ ਰਾਹ ਵਿਚ ਰੱਖੀਆਂ ਸਾਰੀਆਂ ਅੜਚਣਾਂ, ਜਿਵੇਂ ਉਸ ਦੇ ਖੂਹਾਂ ਨੂੰ ਬੰਦ ਕਰ ਦੇਣ ਅਤੇ ਖੋਹ ਲੈਣ ਦੇ ਬਾਵਜੂਦ ਉਸ ਨੂੰ ਅਮੀਰ ਅਤੇ ਸ਼ਕਤੀਸ਼ਾਲੀ ਬਣਾਈ ਰੱਖਿਆ ਸੀ।

ਇਸ ਲਈ ਫ਼ਿਲਿਸਤੀਆਂ ਨੇ ਇੱਕ ਪ੍ਰਸਤਾਵ ਪੇਸ਼ ਕੀਤਾ ਜੋ ਦੋਵਾਂ ਸਮੂਹਾਂ ਦੇ ਭਲੇ ਦੇ ਲਈ ਹੋਵੇਗਾ: ਉਨ੍ਹਾਂ ਦੇ ਦਰਮਿਆਨ **ਇੱਕ ਪਰਨ ਹੋਵੇ** ਅਤੇ **ਇੱਕ ਨੇਮ** ਬੰਨਿਆ ਜਾਵੇ, ਇੱਕ ਸੰਧੀ ਕੀਤੀ ਜਾਵੇ ਕਿ ਉਹ ਇੱਕ ਦੂਜੇ ਤੇ ਚੜ੍ਹਾਈ ਨਹੀਂ ਕਰਣਗੇ। ਇਹ ਇੱਕ ਵਾਇਦਾ ਹੋਵੇਗਾ ਕਿ ਇਸਹਾਕ ਦੇ ਲੋਕ [ਫ਼ਿਲਿਸਤੀਆਂ] ਦੇ ਨਾਲ **ਬੁਰਿਆਈ ਨਾ** ਕਰਨ, ਜਿਵੇਂ ਅਬੀਮਲਕ ਦੇ ਲੋਕਾਂ ਨੇ ਇਸਹਾਕ ਦੇ ਲੋਕਾਂ ਨੂੰ **ਹੱਥ ਨਹੀਂ ਲਾਇਆ** (ਨੁਕਸਾਨ) ਨਹੀਂ ਪਹੁੰਚਾਇਆ, ਜਿਵੇਂ ਅਬੀਮਲਕ ਦੇ ਲੋਕਾਂ ਨੇ ਇਸਹਾਕ ਅਤੇ ਉਸ ਦੇ ਲੋਕਾਂ ਨੂੰ **ਹੱਥ ਨਹੀਂ ਲਾਇਆ** (ਨੁਕਸਾਨ ਨਹੀਂ ਕੀਤਾ), ਪਰ

[ਉਨ੍ਹਾਂ ਨੂੰ] **ਸ਼ਾਂਤੀ ਨਾਲ ਤੋਰ ਦਿੱਤਾ** (ਵੇਖੋ 21:23)।

ਬਿੰਦੂ ਤੇ, ਇਸਹਾਕ ਨੇ ਆਪਣੇ ਲੋਕਾਂ ਦੀ ਫੌਜ਼ ਨੂੰ ਫ਼ਿਲਿਸਤੀਨ ਦੀ ਫੌਜ਼ ਤੋਂ ਕਮਜ਼ੋਰ ਸਮਝਿਆ। ਫ਼ਿਲਿਸਤੀ ਰਾਜੇ ਦੇ ਮੂੰਹ ਦੇ ਸ਼ਬਦ ਇਸ ਤੋਂ ਉਲਟ ਗੱਲ ਨੂੰ ਪਰਗਟ ਕਰ ਰਹੇ ਸਨ, ਜਦਕਿ ਰਾਜਾ ਤਾਕਤ ਦੀ ਸਥਿਤੀ ਤੋਂ ਨੇਮ ਦੇ ਲਈ ਨਿਯਮ ਨਹੀਂ ਦੇ ਰਿਹਾ ਸੀ। ਇਸ ਦੇ ਉਲਟ, ਉਹ ਅਸਹਿਣਸ਼ੀਲਤਾ ਦੀ ਸਥਿਤੀ ਤੋਂ ਇਸਹਾਕ ਨੂੰ ਸ਼ਾਂਤੀ ਦੇ ਲਈ ਬੇਨਤੀ ਕਰ ਰਿਹਾ ਹੈ, ਜਿਸ ਤੋਂ ਸੰਕੇਤ ਮਿਲਦਾ ਹੈ ਕਿ ਉਹ ਇਸਹਾਕ ਦੀ ਨਿੱਜੀ ਪਾਲੀ-ਯੋਧਿਆਂ ਦੀ ਫੌਜ਼ ਨੂੰ ਆਪਣੇ ਰਾਜ ਦੇ ਲਈ ਇੱਕ ਖਤਰੇ ਦੇ ਰੂਪ ਵਿਚ ਵੇਖ ਰਿਹਾ ਸੀ। ਰਾਜਾ ਅਤੇ ਉਸ ਦੇ ਸਲਾਹਕਾਰ ਇੱਕ ਅਜਿਹਾ ਨੇਮ ਚਾਹੁੰਦੇ ਸਨ ਜੋ ਦੋਵਾਂ ਸਮੂਹਾਂ ਦੇ ਵਿਚਕਾਰ ਇੱਕ ਨਿਰੰਤਰ ਸ਼ਾਂਤੀਪੂਰਣ ਸੰਬੰਧ ਦੀ ਗਾਰੰਟੀ ਦਿੰਦਾ ਹੋਵੇ। ਅਬੀਮਲਕ ਨੇ ਉੱਚ ਪ੍ਰਸ਼ੰਸਾ ਦੇ ਨਾਲ ਇਸ ਬੇਨਤੀ ਦਾ ਸਿੱਟਾ ਕੱਢਿਆ: **ਹੁਣ ਤੁਸੀਂ ਯਹੋਵਾਹ ਵੱਲੋਂ ਮੁਬਾਰਕ ਹੋ।**

ਸਪੱਸ਼ਟ ਹੈ ਕਿ ਰਾਜੇ ਦਾ ਬਿਆਨ ਇਸਹਾਕ ਦੀ ਕਿਸਮਤ ਦੇ ਵਿਸ਼ੇ ਵਿਚ ਉਸ ਦੇ ਬੁੱਧੀ ਭਰੇ ਦ੍ਰਿਸ਼ਟੀਕੋਣ ਤੋਂ ਆਇਆ ਹੈ। ਸਧਾਰਣ ਤੌਰ ਤੇ, ਇੱਕ ਚਰਵਾਹੇ ਨੂੰ, ਉਸ ਦੇ ਖੂਹਾਂ ਦੇ ਨਾਲ ਭਰੀਆਂ ਚਰਾਗਾਹਾਂ ਨੂੰ ਖੋਹ ਕੇ, ਗਰਾਰ ਤੋਂ ਦੂਰ, ਸੁੱਕੇ ਰੇਗਿਸਤਾਨ ਵਿਚ ਭੇਜਣਾ, ਉਸ ਨੂੰ ਤਬਾਅ ਕਰਨ ਅਤੇ ਉਸ ਦੀਆਂ ਭੇਡਾਂ-ਬੱਕਰੀਆਂ ਅਤੇ ਵੱਗਾਂ ਨੂੰ ਨਾਸ ਕਰ ਦੇਣ ਦੇ ਸਮਾਨ ਸੀ। ਪਰ, ਇਸਹਾਕ ਦੇ ਨਾਲ ਇਸ ਤਰ੍ਹਾਂ ਨਹੀਂ ਹੋਇਆ ਸੀ। ਹਰ ਵਾਰ ਜਦੋਂ ਰਾਜੇ ਦੇ ਬੰਦਿਆਂ ਇਨ੍ਹਾਂ ਪਰਦੇਸੀਆਂ ਤੋਂ ਉਨ੍ਹਾਂ ਦਾ ਇੱਕ ਖੂਹ ਖੋਹ ਲਿਆ, ਤਾਂ ਉਹ ਤੁਰੰਤ ਪਾਣੀ ਦੇ ਹੋਰ ਸਰੋਤ ਨੂੰ ਲੱਭਣ ਲੱਗ ਪੈਂਦੇ ਸਨ। ਆਖਿਰਕਾਰ ਅਬੀਮਲਕ ਨੇ ਇਹ ਸਿੱਟਾ ਕੱਢਿਆ ਕਿ ਇਸ ਤਰ੍ਹਾਂ ਦੀਆਂ ਚਾਲਾਂ ਨੂੰ ਜਾਰੀ ਰੱਖਣ ਦੇ ਦੁਆਰਾ ਇਸਹਾਕ ਨੂੰ ਖਤਮ ਕਰਨ ਦੀ ਉਮੀਦ ਨਹੀਂ ਕੀਤੀ ਜਾ ਸਕਦੀ, ਅਤੇ ਉਸ ਨੂੰ ਸਮਝ ਆ ਗਿਆ ਕਿ ਯਹੋਵਾਹ ਗੁਪਤ ਰੂਪ ਵਿਚ ਇਨ੍ਹਾਂ ਵਿਅਕਤੀਆਂ ਦੀ ਇੱਕ ਤੋਂ ਬਾਅਦ ਇੱਕ ਹੋਰ ਨਵਾਂ ਖੂਹ ਲੱਭਣ ਅਗਵਾਈ ਕਰ ਰਿਹਾ ਸੀ।

**ਆਇਤ 30.** ਪੁਰਾਤਨ ਰਿਵਾਜ਼ ਦੇ ਅਨੁਸਾਰ, ਇਸਹਾਕ ਨੇ **ਦਾਉਤ ਕੀਤੀ** ਤਾਂ ਕਿ ਉਸ ਦੇ ਅਤੇ ਅਬੀਮਲਕ ਦੇ ਲੋਕ ਨੇਮ ਦੇ ਹਿੱਸੇਦਾਰਾਂ ਦੇ ਰੂਪ ਵਿਚ, ਉਸ ਵਿਚ ਸਾਂਝੀ ਹੋ ਸਕਣ (ਵੇਖੋ 31:44, 46, 54)। ਇਹ ਭੋਜਨ ਸਿਰਫ ਚੰਗੇ ਵਿਹਾ ਦੀ ਇੱਕ ਉਦਾਹਰਣ ਹੀ ਨਹੀਂ ਸੀ, ਜੋ ਇਸਹਾਕ ਨੇ, ਮੇਜ਼ਬਾਨ ਦੇ ਰੂਪ ਵਿਚ, ਅਬੀਮਲਕ ਨੂੰ ਦਿੱਤੀ ਸੀ, ਜੋ ਇੱਕ ਪਰਾਹੁਣੇ ਦੇ ਰੂਪ ਵਿਚ ਆਇਆ ਸੀ। ਇਹ ਇੱਕ ਨੇਮ ਬੰਨਣ ਦੀ ਪ੍ਰਕਿਰਿਆ ਦਾ ਇੱਕ ਜ਼ਰੂਰੀ ਹਿੱਸਾ ਵੀ ਸੀ। ਸੰਖੇਪ ਵਿਚ, ਇਸ ਦਾ ਅਰਥ ਇਹ ਸੀ ਕਿ ਇਸਹਾਕ, ਜਿਸਨੇ ਭੋਜ ਦਿੱਤਾ ਸੀ, ਉਸ ਨੇ ਅਬੀਮਲਕ ਨੂੰ ਸੰਤਾਨ ਲਈ ਉਚਿਤ ਇੱਕ ਸੰਬੰਧ[13] ਵਿਚ ਸਵੀਕਾਰ ਕੀਤਾ ਸੀ: ਨੇਮ ਦੇ ਇਸ ਭੋਜਨ ਦਾ ਉਦੇਸ਼ ਦੋਵਾਂ ਪਾਰਟੀਆਂ ਦੇ ਵਿਚਕਾਰ ਇੱਕ ਅਟੁੱਟ ਸੰਬੰਧ ਨੂੰ ਮੋਹਰਬੰਦ ਕਰਨਾ ਸੀ।

**ਆਇਤ 31.** ਅਗਲੀ **ਸਵੇਰੇ ਉੱਠਕੇ**, ਜਾਣ ਤੋਂ ਪਹਿਲਾਂ, ਉਨ੍ਹਾਂ ਨੇ [ਗੰਭੀਰ] **ਸੌਂਹ ਖਾਧੀ** (ਵੇਖੋ 21:31)। ਇਬਰਾਨੀ ਲਿਖਤ ਸੱਚਮੁੱਚ ਕਹਿੰਦੀ ਹੈ ਕਿ ਉਨ੍ਹਾਂ ਨੇ "ਇੱਕ ਦੂਜੇ ਨਾਲ ਸੌਂਹ ਖਾਧੀ," ਇੱਕ ਸੌਂਹ ਇਹ ਸੰਕੇਤ ਦਿੰਦੀ ਹੈ ਕਿ ਨੇਮ ਪੂਰਾ ਹੋ ਗਿਆ ਸੀ। ਫਿਰ ਅਬੀਮਲਕ ਅਤੇ ਉਸ ਦੇ ਸਲਾਹਕਾਰ **ਸ਼ਾਂਤੀ ਨਾਲ ਉੱਥੋਂ** [ਇਸਹਾਕ] **ਚੱਲੇ ਗਏ**।

**ਆਇਤ 32.** ਇਹ ਆਇਤ ਉਸ ਵਿਚਾਰ ਨੂੰ ਜਾਰੀ ਰੱਖਦੀ ਹੈ ਜਿਸ ਦਾ 26:26-31 ਤੱਕ ਖੰਡਨ ਕੀਤਾ ਗਿਆ ਸੀ। ਬਏਰਸਬਾ ਪਹੁੰਚ ਕੇ, ਉਸ ਨੇ ਇੱਕ ਜਗਵੇਦੀ ਬਣਾਈ ਅਤੇ ਪ੍ਰਭੂ ਦੀ ਬੰਦਗੀ ਕੀਤੀ। ਫਿਰ, ਵੱਸਣ ਦੇ ਇਰਾਦੇ ਦੇ ਨਾਲ ਉਸ ਨੇ ਉੱਥੇ ਆਪਣਾ ਤੰਬੂ ਖੜ੍ਹਾ ਕੀਤਾ। ਉਸ

ਦੇ ਕੁਝ ਨੌਕਰਾਂ ਨੇ ਇੱਕ ਹੋਰ ਖੂਹ ਪੁੱਟਣਾ ਸ਼ੁਰੂ ਕਰ ਦਿੱਤਾ (26:25)। ਇਸ ਗੱਲ ਨੂੰ ਦਰਜ ਕਰਨ ਤੋਂ ਬਾਅਦ ਕਿ ਇਸਹਾਕ ਅਤੇ ਅਬੀਮਲਕ ਨੇ ਦੋਵਾਂ ਸਮੂਹਾਂ ਦੇ ਵਿਚਕਾਰ ਸ਼ਾਂਤੀ ਦਾ ਨੇਮ ਬੰਨ੍ਹ ਲਿਆ ਸੀ, ਮੂਸਾ ਫਿਰ ਤੋਂ ਖੂਹ ਦੀ ਚਰਚਾ ਤੇ ਵਾਪਸ ਆ ਗਿਆ। ਉਸ ਨੇ ਕਿਹਾ ਕਿ **ਉਸੇ ਦਿਨ,** ਉਸ ਦੇ **ਟਹਿਲੂਆਂ ਨੇ** ਉਸ ਦੇ ਕੋਲ ਆ ਕੇ ਕਿਹਾ, **ਸਾਨੂੰ ਪਾਣੀ ਲੱਭਾ ਹੈ**।

ਕੁਝ ਸਮੇਂ ਦੇ ਲਈ, ਫ਼ਿਲਿਸਤੀਆਂ ਨੇ ਪੁਰਖੇ ਅਤੇ ਉਸ ਦੇ ਨੌਕਰਾਂ ਨੂੰ ਇੱਕ ਤੋਂ ਬਾਅਦ ਇੱਕ ਖੂਹ ਨੂੰ ਛੱਡਣ ਦੇ ਲਈ ਮਜ਼ਬੂਰ ਕੀਤਾ ਹੋਇਆ ਸੀ; ਪਰ ਹੁਣ ਉਨ੍ਹਾਂ ਨੂੰ ਅਬੀਮਲਕ ਦੇ ਲੋਕਾਂ ਦੇ ਦੁਆਰਾ ਹਮਲਾ ਕਰਨ ਜਾਂ ਦਖਲਅੰਦਾਜ਼ੀ ਕਰਨ ਦਾ ਕੋਈ ਡਰ ਨਹੀਂ ਸੀ। ਜਿਵੇਂ ਬੁੱਧੀਮਾਨ ਆਦਮੀ ਨੇ ਲਿਖਿਆ, "ਜਦ ਕਿਸੇ ਦੀ ਚਾਲ ਯਹੋਵਾਹ ਨੂੰ ਭਾਉਂਦੀ ਹੈ, ਤਾਂ ਉਹ ਉਸ ਦੇ ਵੈਰੀਆਂ ਦਾ ਵੀ ਉਸ ਨਾਲ ਮੇਲ ਕਰਾਉਂਦਾ ਹੈ" (ਕਹਾਉਤਾਂ 16:7)।

**ਆਇਤ 33.** ਇਸਹਾਕ ਦੇ ਲੋਕਾਂ ਦੇ ਦੁਆਰਾ ਪਾਣੀ ਦੇ ਇੱਕ ਹੋਰ ਖੂਹ ਦੀ ਖੋਜ ਤੇ, ਲਿਖਤ ਕਹਿੰਦੀ ਹੈ ਕਿ ਉਸ ਨੇ ਉਸ ਦੀ ਨਾਮ **ਸ਼ਿਬਆਹ**, ਜਿਸ ਦਾ ਅਰਥ ਹੈ "ਸੌਂਹ।" ਇਹ ਨਾਮ ਉਸ ਸੌਂਹ ਦਾ ਉਲੇਖ ਕਰਦਾ ਹੈ ਜੋ ਇਸਹਾਕ ਅਤੇ ਅਬੀਮਲਕ ਹੁਣੇ ਹੁਣੇ ਚੁੱਕੀ ਸੀ (26:31)। ਇਸ ਤੋਂ ਪਹਿਲਾਂ, ਇਸਹਾਕ ਦੇ ਆਦਮੀਆਂ ਨੇ ਉਨ੍ਹਾਂ ਖੂਹਾਂ ਨੂੰ ਖੋਲ੍ਹ ਦਿੱਤਾ ਸੀ ਜੋ ਅਬਰਾਹਾਮ ਦੇ ਆਦਮੀਆਂ ਨੇ ਉਸ ਦੇ ਜੀਵਨ ਕਾਲ ਦੇ ਦੌਰਾਨ ਖੋਦੇ ਸਨ (26:18)। ਇਸ ਮਾਮਲੇ ਵਿਚ, ਇਸਹਾਕ ਦੇ ਖੂਹ ਨਾਲ ਜੁੜਿਆ ਨਾਂ ਅਬਰਾਹਾਮ ਨੇ ਇਸ ਖੇਤਰ ਨੂੰ ਦਿੱਤਾ ਸੀ। ਜਦੋਂ ਪਹਿਲੇ ਅਬੀਮਲਕ ਨੇ ਇੱਕ ਨੇਮ ਬੰਨਿਆ ਅਤੇ ਖੂਹ ਦੇ ਵਿਸ਼ੇ ਵਿਚ ਜੋ ਝਗੜਾ ਸੀ ਉਸ ਨੂੰ ਸੁਲਝਾਇਆ ਸੀ, ਤਾਂ ਉਸ ਨੇ ਫ਼ਿਲਿਸਤੀਆਂ ਦੇ ਰਾਜੇ ਨੂੰ ਭੇਡਾਂ ਦੇ ਸੱਤ ਬੱਚੇ ਦਿੱਤੇ ਅਤੇ ਉਸ ਥਾਂ ਨਾਂ "ਬਏਰਸਬਾ" ਰੱਖਿਆ। ਜਿਵੇਂ ਪਹਿਲਾਂ ਉਲੇਖ ਕੀਤਾ ਗਿਆ ਸੀ, בְּאֵר (*ਬਏਰ*) ਦਾ ਅਰਥ ਹੈ "ਖੂਹ"; ਅਤੇ שֶׁבַע (*ਸ਼ੇਬਾ*) ਦਾ ਅਰਥ ਹੈ "ਸੱਤ" ਜਾਂ "ਸੌਂਹ" (21:31 ਤੇ ਟਿੱਪਣੀਆਂ ਨੂੰ ਵੇਖੋ)।[14] ਇਸ ਪ੍ਰਸੰਗ ਵਿਚ, ਇਸਹਾਕ ਦੀ ਸੌਂਹ ਤੇ ਜ਼ੋਰ ਦਿੱਤਾ ਗਿਆ ਹੈ। ਇਹ ਭਾਗ ਇਸ ਬਿਆਨ ਦੇ ਨਾਲ ਬੰਦ ਹੁੰਦਾ ਹੈ ਕਿ **ਉਸ ਨਗਰ ਦਾ ਨਾਉਂ ਅੱਜ ਤੀਕ ਬਏਰਸਬਾ ਹੈ**।

## ਏਸਾਓ ਦੀਆਂ ਹਿੱਤੀ ਪਤਨੀਆਂ ਕਾਰਣ ਇਸਹਾਕ ਅਤੇ ਰਿਬਕਾਹ ਦੇ ਕਸ਼ਟ (26:34, 35)

**[34]ਜਾਂ ਏਸਾਓ ਚਾਲੀਆਂ ਵਰਿਹਾਂ ਦਾ ਸੀ ਤਾਂ ਉਹ ਬੇਰੀ ਹਿੱਤੀ ਦੀ ਧੀ ਯਹੂਦਿਥ ਅਰ ਏਲੋਨ ਹਿੱਤੀ ਦੀ ਧੀ ਬਾਸਮਥ ਨੂੰ ਵਿਆਹ ਲਿਆਇਆ। [35]ਅਤੇ ਇਹ ਇਸਹਾਕ ਅਰ ਰਿਬਕਾਹ ਦੇ ਮਨਾਂ ਲਈ ਕੁੜੱਤਣ ਸੀ।**

**ਆਇਤਾਂ 34, 35.** ਫ਼ਿਲਿਸਤੀਆਂ ਨੇ ਇਸਹਾਕ ਦੇ ਲਈ ਜੋ ਕਈ ਕਿਸਮ ਦੀਆਂ ਮੁਸ਼ਕਲਾਂ ਪੇਸ਼ ਕੀਤੀਆਂ ਸਨ, ਪਰਮੇਸ਼ੁਰ ਦੀਆਂ ਬਰਕਤਾਂ ਦੇ ਦੁਆਰਾ, ਉਹ ਉਸ ਦੀ ਧਨ-ਦੌਲਤ ਨੂੰ ਘੱਟ ਨਹੀਂ ਕਰ ਸਕੀਆਂ। ਪਰ, **ਏਸਾਓ** ਦੁਆਰਾ **ਹਿੱਤੀ** ਇਸਤਰੀਆਂ ਦੇ ਨਾਲ ਵਿਆਹ ਕਰਨਾ **ਇਸਹਾਕ ਅਤੇ ਰਿਬਕਾਹ** ਦੇ ਦੋਵਾਂ ਦੇ ਲਈ ਕੁੜੱਤਣ ਸੀ।

ਇਹ ਅੰਤਿਮ ਭਾਗ ਅਧਿਆਇ 27 ਵਿਚ ਪਾਏ ਜਾਣ ਵਾਲੇ ਦ੍ਰਿਸ਼ਟੀਕੋਣ ਅਤੇ ਘਟਨਾਵਾਂ ਨੂੰ ਸਮਝਣ ਦੇ ਲਈ ਕੁਝ ਪਿਛੋਕੜ ਦਿੰਦਾ ਹੈ। ਲਿਖਤ ਇਸ ਗੱਲ ਨੂੰ ਪਰਗਟ ਕਰਦੀ ਹੈ ਕਿ ਜਦੋਂ ਏਸਾਓ **ਚਾਲੀਆਂ ਵਰਿਹਾਂ ਦਾ ਸੀ ਤਾਂ ਉਹ**[15] ਦੋ ਹਿੱਤੀ ਇਸਤਰੀਆਂ: **ਯਹੂਦਿਥ** ਅਤੇ **ਬਾਸਮਥ** ਨੂੰ

ਵਿਆਹ ਲਿਆਇਆ। ਏਸਾਓ ਨੇ, ਆਪਣੇ ਭਰਾ ਯਾਕੂਬ ਦੇ ਉਲਟ, ਤਰਾਹ ਦੇ ਪਰਿਵਾਰ ਤੋਂ ਬਾਹਰ ਵਿਆਹ ਕਿਉਂ ਕੀਤਾ? ਕੀ ਉਸ ਨੇ ਆਪਣੇ ਮਾਤਾ ਪਿਤਾ ਦੀਆਂ ਇੱਛਾਵਾਂ ਦੇ ਉਲਟ ਜਾਣ-ਬੁੱਝ ਕੇ ਅਣਆਗਿਆਕਾਰੀ ਕੀਤੀ ਸੀ, ਜਾਂ ਕੀ ਹਾਰਾਨ ਦੀ ਲੰਬੀ ਯਾਤਰਾ ਕਰਕੇ ਆਪਣੇ ਦਾਦੇ ਦੇ ਪਰਿਵਾਰ ਦੇ ਵਿਚੋਂ ਇੱਕ ਪਤਨੀ ਦੀ ਭਾਲ ਕਰਨ ਨਾਲੋਂ ਆਪਣੇ ਨੇੜੇ ਵੱਸਣ ਵਾਲੀਆਂ ਹਿੱਤੀ ਇਸਤਰੀਆਂ ਦੇ ਨਾਲ ਵਿਆਹ ਕਰਵਾਉਣਾ ਜ਼ਿਆਦਾ ਸੌਖਾ ਸੀ? ਬਾਅਦ ਦੀ ਸੰਭਾਵਨਾ ਵਧੇਰੇ ਸੰਭਵ ਜਾਪਦੀ ਹੈ, ਉਸ ਨੇ ਉਹੀ ਉਦਾਸੀਨਤਾ ਦਾ ਰਵੱਈਆ ਅਪਨਾਇਆ ਸੀ ਜੋ ਉਸ ਨੇ ਆਪਣੇ ਜੇਠੇ ਦੇ ਅਧਿਕਾਰ ਦੇ ਪ੍ਰਤਿ ਵਿਖਾਇਆ ਸੀ (25:27-34)।

ਕੋਈ ਹੈਰਾਨਗੀ ਪਰਗਟ ਕਰ ਸਕਦਾ ਹੈ, "ਕੀ ਇਸਹਾਕ ਨੇ ਏਸਾਓ ਦੇ ਲਈ ਸਹੀ ਪਤਨੀ ਖੋਜਣ ਵਿਚ ਲਾਪਰਵਾਹੀ ਕੀਤੀ ਸੀ?" ਏਸਾਓ ਦੇ ਮਾਮਲੇ ਵਿਚ, ਕੀ ਇਸਹਾਕ ਨੇ ਇਸ ਨਿਯਮ ਦੀ ਨਜ਼ਰਅੰਦਾਜ਼ੀ ਕੀਤੀ ਸੀ ਕਿ ਨੇਮ ਦੇ ਲੋਕਾਂ ਨੂੰ ਬੁੱਤਪ੍ਰਸਤ ਕਨਾਨੀ ਇਸਤਰੀਆਂ ਦੇ ਨਾਲ ਵਿਆਹ ਨਹੀਂ ਕਰਨਾ ਚਾਹੀਦਾ?[16] ਇਸਹਾਕ ਏਸਾਓ ਨੂੰ ਇਹ ਸਿਖਾਉਣ ਦੇ ਵਿਚ ਨਾਕਾਮ ਕਿਵੇਂ ਹੋ ਸਕਦਾ ਹੈ ਕਿ, ਅਬਰਾਹਾਮ ਦੀ ਸੰਤਾਨ ਹੋਣ ਦੇ ਨਾਤੇ, ਉਨ੍ਹਾਂ ਦੀ ਇੱਕ ਵਿਸ਼ੇਸ਼ ਬੁਲਾਹਟ ਅਤੇ ਭਾਗ ਸੀ ਕਿ ਉਹ ਧਰਤੀ ਦੇ ਸਾਰੇ ਘਰਾਣਿਆਂ ਦੇ ਲਈ ਬਰਕਤ ਦਾ ਇੱਕ ਕਾਰਣ ਬਣਨਾ ਸੀ? ਸ਼ਾਇਦ ਏਸਾਓ ਨੇ ਇੱਕ ਮੁੰਡੇ ਦੇ ਰੂਪ ਵਿਚ ਇਨ੍ਹਾਂ ਕਹਾਣੀਆਂ ਦੇ ਵਿਚੋਂ ਕੁਝ ਕਹਾਣੀਆਂ ਸੁਣੀਆਂ ਹੋਣਗੀਆਂ, ਫਿਰ ਵੀ ਉਸ ਦੇ ਉੱਤੇ ਉਨ੍ਹਾਂ ਦਾ ਕੋਈ ਪ੍ਰਭਾਵ ਨਹੀਂ ਪਿਆ ਸੀ। ਉਹ ਇੱਕ "ਕੁਧਰਮੀ" (βέβηλος, *ਬੇਬੇਲੋਸ)* ਵਿਅਕਤੀ ਦੇ ਰੂਪ ਵਿਚ ਵੱਡਾ ਹੋਇਆ (ਇਬਰਾਨੀਆਂ 12:16), ਜਿਸ ਦਾ ਅਰਥ ਹੈ ਕਿ ਉਹ "ਪੂਰੀ ਤਰ੍ਹਾਂ ਨਾਲ ਸੰਸਾਰਕ" ਸੀ।[17] ਉਸ ਨੇ ਆਪਣੇ ਜੀਵਨ ਵਿਚ ਪਰਮੇਸ਼ੁਰ ਦੇ ਲਈ ਕੋਈ ਸਥਾਨ ਨਹੀਂ ਬਣਾਇਆ ਸੀ, ਅਤੇ ਆਪਣੇ ਮਾਤਾ-ਪਿਤਾ ਦੇ ਪ੍ਰਤਿ ਉਸ ਦੇ ਮਨ ਵਿਚ ਬਹੁਤ ਹੀ ਘੱਟ ਆਦਰ ਸੀ। ਲਿਖਤ ਵਿਚ ਦਰਜ ਹੈ ਕਿ ਏਸਾਓ ਦੇ ਵਿਆਹਾਂ ਦਾ ਸਿੱਟਾ ਦਿਲਾਂ ਲਈ ਦੁੱਖ ਦੇਣ ਵਾਲਾ ਸੀ: ਉਸ ਦੀਆਂ ਪਤਨੀਆਂ ਇਸਹਾਕ ਅਤੇ ਰਿਬਕਾਹ ਦੇ **ਮਨਾਂ ਲਈ ਕੁੜੱਤਣ** ਸਨ।

# ਪ੍ਰਾਸੰਗਿਕਤਾ

**ਆਤਮਿਕ ਲਾਭ-ਅੰਸ (26:1-5)**

ਪਰਮੇਸ਼ੁਰ ਦੀ ਆਗਿਆਕਾਰੀ ਉਨ੍ਹਾਂ ਲੋਕਾਂ ਦੇ ਉੱਤੇ ਵਾਇਦਾ ਕੀਤੀਆਂ ਹੋਈਆਂ ਬਰਕਤਾਂ ਨੂੰ ਲਿਆਉਂਦੀ ਹੈ ਜੋ ਵਿਸ਼ਵਾਸਯੋਗ ਹਨ। ਇਸਹਾਕ ਦਾ ਜੀਵਨ ਕਈ ਸਾਲਾਂ ਦੇ ਲਈ ਵੱਡੀਆਂ ਮੁਸੀਬਤਾਂ ਜਾਂ ਰੋਮਾਂਚਕ ਘਟਨਾਵਾਂ ਤੋਂ ਦੂਰ ਸੀ। ਪਰ, ਇਹ ਉਸ ਸਮੇਂ ਬਦਲ ਗਿਆ ਜਦੋਂ ਅਕਾਲ ਪਿਆ। ਕਨਾਨ ਦੀ ਧਰਤੀ ਇੱਕ ਅਜਿਹੀ ਧਰਤੀ ਸੀ ਜੋ ਪੂਰੀ ਤਰ੍ਹਾਂ ਦੇ ਨਾਲ ਬਾਰਿਸ਼ ਤੇ ਨਿਰਭਰ ਸੀ, ਜੋ ਭੇਡਾਂ-ਬੱਕਰੀਆਂ ਅਤੇ ਛੂੰਡਾਂ ਦੇ ਲਈ ਘਾਹ ਪੈਦਾ ਕਰਦੀ ਸੀ ਅਤੇ ਲੋਕਾਂ ਦੇ ਭੋਜਨ ਦੇ ਲਈ ਸੁੱਕੀ ਧਰਤੀ ਨੂੰ ਕਾਫੀ ਮਾਤਰਾ ਵਿਚ ਨਮੀ ਪ੍ਰਦਾਨ ਕਰਦੀ ਸੀ। ਜਦੋਂ ਅਕਾਲ ਦੇ ਕਾਰਣ ਧਰਤੀ ਸੁੱਕ ਗਈ, ਤਾਂ ਇਸ ਦਾ ਸਿੱਟਾ ਉੱਥੋਂ ਦੇ ਵਸਨੀਕਾਂ ਦੇ ਲਈ ਇੱਕ ਵੱਡੀ ਮੁਸੀਬਤ ਸੀ। ਨਵੇਂ ਪੁਰਖੇ ਨੇ ਇਹ ਸੁਣਿਆ ਹੋਵੇਗਾ ਕਿ ਗਰਾਰ ਦੇ ਨੇੜੇ ਤੇੜੇ ਦੇ ਖੇਤਰ ਨੂੰ ਦੱਖਣੀ ਨੇਗੇਵ ਦੀ ਤੁਲਨਾ ਵਿਚ, ਜਿੱਥੇ ਉਹ ਰਹਿ ਰਿਹਾ ਸੀ, ਵਧੇਰੇ ਬਾਰਿਸ਼ ਪ੍ਰਾਪਤ ਹੋਈ ਹੈ, ਇਸ ਲਈ ਉਹ ਆਪਣੇ ਲੋਕਾਂ ਅਤੇ ਜਾਨਵਰਾਂ ਨੂੰ ਉਸ ਖੇਤਰ ਵਿਚ ਲੈ ਗਿਆ।

ਗਰਾਰ ਵਿਚ ਪਹੁੰਚਣ ਤੋਂ ਬਾਅਦ, ਸ਼ਾਇਦ ਇਸਹਾਕ ਨੇ ਮਿਸਰ ਵਿਚ ਜਾਣ ਦੇ ਵਿਸ਼ੇ ਵਿਚ ਸੋਚਿਆ ਹੋਵੇਗਾ, ਜਿੱਥੇ ਪਾਣੀ, ਘਾਹ, ਅਤੇ ਉਪਜਾਊ ਫਸਲ ਫ਼ਿਲਿਸਤੀ ਇਲਾਕੇ ਤੋਂ ਵੀ ਵੱਧ ਭਰਪੂਰੀ ਦੇ ਨਾਲ ਸੀ। ਪਰਮੇਸ਼ੁਰ ਨੇ ਉਸ ਨੂੰ ਦਰਸ਼ਣ ਦਿੱਤਾ ਅਤੇ ਉਸ ਨੂੰ ਮਿਸਰ ਵਿਚ ਜਾਣ ਤੋਂ ਮਨ੍ਹਾ ਕਰ ਦਿੱਤਾ (26:2); ਉਸ ਨੇ ਵਾਇਦਾ ਕੀਤੇ ਹੋਏ ਦੇਸ ਵਿਚ ਰਹਿਣਾ ਸੀ। ਕੀ ਇਹ ਹੋ ਸਕਦਾ ਹੈ ਕਿ ਇਸਹਾਕ ਆਪਣੇ ਪਿਤਾ ਦੀ ਮਿਸਰ ਦੀ ਯਾਤਰਾ ਤੋਂ ਜਾਣੂ ਨਹੀਂ ਸੀ, ਜਿਸ ਦਾ ਅੰਤ ਲਗਭਗ ਅਬਰਾਹਾਮ ਅਤੇ ਸਾਰਾਹ ਦੇ ਵਿਆਹ ਦੇ ਟੁੱਟ ਜਾਣ ਦੀ ਇੱਕ ਆਫਤ ਦੇ ਨਾਲ ਹੋਇਆ ਸੀ? ਜੇਕਰ ਪਰਮੇਸ਼ੁਰ ਨੇ ਦਖਲਅੰਦਾਜ਼ੀ ਨਾ ਕੀਤੀ ਹੁੰਦੀ ਤਾਂ ਅਜਿਹੀ ਤ੍ਰਾਸਦੀ ਨੇ ਇਨ੍ਹਾਂ ਮਾਤਾ-ਪਿਤਾ ਦੇ ਦੁਆਰਾ ਉਸ ਦੇ ਜਨਮ ਲੈਣ ਦੀ ਸੰਭਾਵਨਾ ਨੂੰ ਵੀ ਖਤਮ ਕਰ ਦੇਣਾ ਸੀ। ਕੀ ਇਹ ਹੋ ਸਕਦਾ ਹੈ ਕਿ ਉਸ ਦੀ ਸਥਿਤੀ ਵੱਖਰੀ ਹੋਵੇਗੀ – ਕਿ ਉਸ ਨੂੰ ਆਪਣੇ ਪਿਤਾ ਦੇ ਵਾਂਗ ਮਿਸਰੀ ਲੋਕਾਂ ਤੋਂ ਡਰਨ ਦੀ ਕੋਈ ਲੋੜ ਨਹੀਂ ਸੀ? ਲਿਖਤ ਸਾਨੂੰ ਇਸਹਾਕ ਦੀ ਵਿਚਾਰ ਪ੍ਰਕਿਰਿਆ ਦੇ ਵਿਸ਼ੇ ਵਿਚ ਸੂਚਿਤ ਨਹੀਂ ਕਰਦੀ ਹੈ, ਪਰ ਉਸ ਨੂੰ ਘੱਟੋ ਘੱਟ ਮਿਸਰ ਦੀ ਯਾਤਰਾ ਦੀ ਇੱਕ ਸੰਭਾਵਨਾ ਸਮਝਿਆ ਜਾਣਾ ਚਾਹੀਦਾ ਹੈ; ਇਸ ਲਈ, ਪਰਮੇਸ਼ੁਰ ਨੇ ਉਸ ਨੂੰ ਕਨਾਨ ਵਿਚ ਰਹਿਣ ਦਾ ਹੁਕਮ ਦਿੱਤਾ।

ਇਸਹਾਕ ਦੇ ਵਿਸ਼ਵਾਸ ਨੂੰ ਮਜ਼ਬੂਤ ਕਰਨ ਦੇ ਲਈ ਤਾਂਕਿ ਉਹ ਆਗਿਆਕਾਰੀ ਰਹੇ, ਪਰਮੇਸ਼ੁਰ ਨੇ ਉਸ ਨੂੰ ਉਹੀ ਸ਼ਾਨਦਾਰ ਸੰਦੇਸ਼ ਦਿੱਤਾ ਜੋ ਉਸ ਨੇ ਕਈ ਵਾਰ ਉਸ ਦੇ ਪਿਤਾ ਨੂੰ ਦਿੱਤਾ ਸੀ। ਪਰਮੇਸ਼ੁਰ ਨੇ ਉਸ ਦੇ ਨਾਲ ਰਹਿਣ ਦਾ, ਉਸ ਦੀ ਸੰਤਾਨ ਨੂੰ ਵਧਾਉਣ ਦਾ, ਅਤੇ ਉਸ ਨੂੰ ਕਨਾਨ ਦੇਸ ਦੇਣ ਦਾ ਵਾਇਦਾ ਕੀਤਾ। ਉਸ ਨੇ ਇਸਹਾਕ ਨੂੰ ਚੇਤਾਵਨੀ ਦਿੱਤੀ – ਜਿਵੇਂ ਉਸ ਨੇ ਅਬਰਾਹਾਮ ਨੂੰ ਚੇਤਾਵਨੀ ਦਿੱਤੀ ਸੀ – ਕਿ ਉਹ ਉਸ ਦੇ ਦੁਆਰਾ ਸੰਸਾਰ ਦੇ ਸਾਰੇ ਘਰਾਣਿਆਂ ਨੂੰ ਬਰਕਤ ਦੇਵੇਗਾ (26:3, 4)। ਯਹੋਵਾਹ ਨੇ ਅੱਗੇ ਕਿਹਾ ਕਿ ਇਹ ਅਣਗਿਣਤ ਬਰਕਤਾਂ ਉਸ ਦੇ ਅਤੇ ਉਸ ਦੀ ਅੰਸ ਦੇ ਉੱਤੇ ਇਸ ਲਈ ਨਹੀਂ ਆਉਣਗੀਆਂ ਕਿਉਂਕਿ ਉਹ ਇਸ ਦੇ ਹੱਕਦਾਰ ਸਨ, ਪਰ ਇਹ ਅਬਰਾਹਾਮ ਦੀ ਆਗਿਆਕਾਰੀ ਦੇ ਆਧਾਰ ਤੇ ਆਉਣਗੀਆਂ, ਜਿਸ ਨੇ ਉਸ ਦੇ ਹੁਕਮਾਂ ਅਤੇ ਬਿਧੀਆਂ ਅਤੇ ਬਿਵਸਥਾਂ ਦੀ ਪਾਲਨਾ ਕੀਤੀ ਸੀ (26:5)। ਇਹ ਕਥਨ ਸ਼ਾਇਦ ਅਬਰਾਹਾਮ ਦੀ ਆਪਣੇ ਪੁੱਤਰ ਨੂੰ ਬਲੀਦਾਨ ਕਰਨ ਦੀ ਇੱਛਾ ਨੂੰ ਦਰਸਾਉਂਦਾ ਹੈ। ਜਦੋਂ ਪਰਮੇਸ਼ੁਰ ਨੇ ਉਸ ਨੂੰ ਇਹ ਕਰਨ ਤੋਂ ਰੋਕਿਆ, ਤਾਂ ਉਸ ਨੇ ਅਬਰਾਹਾਮ ਦੇ ਨਾਲ ਕੀਤੇ ਆਪਣੇ ਵਾਇਦਿਆਂ ਨੂੰ ਨਵਾਂ ਕੀਤਾ (22:15-18)। ਪਰਮੇਸ਼ੁਰ ਨੇ ਉਸ ਨੂੰ ਬਰਕਤ ਦੇਣ ਦਾ ਇਹ ਕਾਰਣ ਦਿੱਤਾ: "ਕਿਉਂਜੋ ਤੈਂ [ਅਬਰਾਹਾਮ] ਮੇਰੇ ਬੋਲ ਨੂੰ ਸੁਣਿਆ ਹੈ" (22:18)।

ਅਬਰਾਹਾਮ ਦੀ ਆਗਿਆਕਾਰੀ ਦੇ ਲਈ ਪਰਮੇਸ਼ੁਰ ਦੇ ਪ੍ਰਸ਼ੰਸਾ ਪੱਤਰ ਵਿਚ ਨਿਸ਼ਚਤ ਤੌਰ ਤੇ ਮੋਰੀਆਹ ਪਹਾੜ ਦੀਆਂ ਘਟਨਾਵਾਂ ਸ਼ਾਮਲ ਸਨ, ਪਰ ਇਸ ਵਿਚ ਆਮ ਤੌਰ ਤੇ ਪੁਰਖੇ ਦੇ ਆਗਿਆਕਾਰੀ ਦੇ ਜੀਵਨ ਨੂੰ ਸ਼ਾਮਲ ਕੀਤਾ ਜਾ ਸਕਦਾ ਹੈ, ਜੋ ਇਸਹਾਕ ਦੀ ਕੁਰਬਾਨੀ ਦੇ ਨਾਲ ਆਪਣੀ ਚਰਮ ਸੀਮਾ ਤੇ ਪਹੁੰਚ ਗਿਆ ਸੀ। ਅਬਰਾਹਾਮ ਇੱਕ ਸਿੱਧ ਆਦਮੀ ਨਹੀਂ ਸੀ। ਬਹੁਤ ਸਾਰੇ ਮੌਕਿਆਂ ਤੇ, ਉਹ ਡਰ, ਜਾਂ ਤਰਕਸ਼ੀਲਤਾ, ਜਾਂ ਇਸ ਗੱਲ ਵਿਚ ਵਿਸ਼ਵਾਸ ਕਰਨ ਵਿਚ ਅਸਫਲ ਰਿਹਾ ਕਿ ਪਰਮੇਸ਼ੁਰ ਦੇ ਰਾਹ ਮੇਰੇ ਰਾਹਾਂ ਤੋਂ ਬੇਹਤਰ ਸਨ (ਵੇਖੋ ਕਹਾਉਤਾਂ 14:12)। ਹਾਲਾਂਕਿ, ਸਮਾਂ ਬੀਤਣ ਦੇ ਨਾਲ-ਨਾਲ ਉਹ ਆਪਣੇ ਵਿਸ਼ਵਾਸ ਅਤੇ ਆਗਿਆਕਾਰੀ ਵਿਚ ਵੱਧਦਾ ਗਿਆ। ਹੁਣ ਜਦ ਇਸਹਾਕ ਉਮਰ ਵਿਚ ਸਿਆਣਾ ਹੋ ਗਿਆ ਸੀ, ਤਾਂ ਪਰਮੇਸ਼ੁਰ ਉਸ ਦੇ ਅੰਦਰ ਵੀ ਉਸੇ ਪ੍ਰਕਾਰ ਦੀ ਆਤਮਿਕ ਪ੍ਰੌੜ੍ਹਤਾ ਅਤੇ ਆਗਿਆਕਾਰੀ ਵਿਸ਼ਵਾਸ ਨੂੰ ਵੇਖਣਾ

ਚਾਹੁੰਦਾ ਸੀ। ਪਰਮੇਸ਼ੁਰ ਨੇ ਉਸ ਦੇ ਨਾਲ ਉਨ੍ਹਾਂ ਸਾਰੀਆਂ ਬਰਕਤਾਂ ਦਾ ਵਾਇਦਾ ਕੀਤਾ ਜੋ ਉਸ ਨੇ ਅਬਰਾਹਾਮ ਨੂੰ ਦਿੱਤੀਆਂ ਸਨ ਤਾਂ ਕਿ ਅੱਗੇ ਗਰਾਰ ਵਿਚ ਫ਼ਿਲਿਸਤੀਆਂ ਦੇ ਵਿਚਕਾਰ ਆਉਣ ਵਾਲੀਆਂ ਪਰੀਖਿਆਵਾਂ ਦੇ ਵਿਚਕਾਰ ਵੀ ਉਸ ਨੂੰ ਨਿਰੰਤਰ ਵਿਸ਼ਵਾਸ ਅਤੇ ਆਗਿਆਕਾਰੀ ਦੇ ਲਈ ਉਤਸਾਹਿਤ ਕਰ ਸਕੇ।

ਪਰਮੇਸ਼ੁਰ ਨੇ ਇਸਹਾਕ ਨੂੰ ਉਸ ਦੇ ਪਿਤਾ ਦੇ ਕਾਰਣ ਬਰਕਤ ਦਿੱਤੀ ਸੀ – ਅਤੇ ਉਹ ਅਕਸਰ ਲੋਕਾਂ ਨੂੰ ਦੂਜਿਆਂ ਦੇ ਦੁਆਰਾ ਕੀਤੇ ਹੋਏ ਕੰਮਾਂ ਦੇ ਕਾਰਣ ਬਰਕਤ ਦਿੰਦਾ ਹੈ – ਇਹ ਤੱਥ ਅਜੀਬ ਲੱਗ ਸਕਦਾ ਹੈ, ਪਰ ਸੰਪੂਰਣ ਬਾਈਬਲ ਦੇ ਵਿਚ ਇਹੋ ਨਿਯਮ ਮੌਜੂਦ ਹੈ। ਯੂਸੁਫ਼ ਦੇ ਜੀਵਨ ਵਿਚ ਸ੍ਰੇਸ਼ਠ ਉਦਾਹਰਣਾਂ ਦਿਖਾਈ ਦਿੰਦੀਆਂ ਹਨ। (1) ਯੂਸੁਫ਼ ਦੇ ਵਿਸ਼ਵਾਸ, ਇਮਾਨਦਾਰੀ, ਅਤੇ ਮਨ ਦੀ ਸ਼ੁੱਧਤਾ ਦੇ ਕਾਰਣ, ਪਰਮੇਸ਼ੁਰ ਨੇ ਉਸ ਨੂੰ ਉਠਾਇਆ ਅਤੇ ਬਰਕਤ ਦੇ ਇੱਕ ਸਾਧਨ ਦੇ ਰੂਪ ਵਿਚ ਪੋਟੀਫ਼ਰ ਦੇ ਲਈ ਭੇਜ ਦਿੱਤਾ, ਜੋ ਫ਼ਿਰਊਨ ਦਾ ਅੰਗ ਰੱਖਿਅਕ ਸੀ (39:1-9)। (2) ਇਸੇ ਤਰ੍ਹਾਂ, ਪਰਮੇਸ਼ੁਰ ਨੇ ਯੁਸੂਫ਼ ਨੂੰ ਮਿਸਰ ਦੀ ਜੇਲ੍ਹ ਦੇ ਦਰੋਗੇ ਅਤੇ ਉਸ ਦੇ ਕੈਦੀਆਂ ਦੇ ਲਈ (39:21-23; 40:8-15), ਅਤੇ (3) ਫ਼ਿਰਊਨ ਅਤੇ ਉਸ ਦੇ ਲੋਕਾਂ ਦੇ ਲਈ ਇੱਕ ਬਰਕਤ ਦੇ ਰੂਪ ਵਿਚ ਇਸਤੇਮਾਲ ਕੀਤਾ (41:14-56)। (4) ਯਹੋਵਾਹ ਨੇ ਯਾਕੂਬ ਅਤੇ ਉਸ ਦੇ ਵਿਸਤ੍ਰਿਤ ਪਰਿਵਾਰ ਨੂੰ ਬਰਕਤ ਦਿੱਤੀ (45:4-15; 46:1-4; 47:5-12; 50:15-21), ਇਸ ਤੋਂ ਇਲਾਵਾ (5) ਪ੍ਰਾਚੀਨ ਨੇੜੇ ਪੂਰਵ ਵਿਚ ਯੂਸੁਫ਼ ਦੇ ਕਾਰਨ ਹੋਰਨਾਂ ਲੋਕਾਂ ਨੂੰ ਵੀ ਬਰਕਤ ਦਿੱਤੀ (41:57)।

ਬੇਸ਼ੱਕ ਇਹੀ ਰੱਬੀ ਨਿਯਮ ਵਰਤਮਾਨ ਵਿਚ ਲੋਕਾਂ ਦੇ ਦਿਲ ਵਿਚ ਉਨ੍ਹਾਂ ਦੀ ਜਾਗਰੂਕਤਾ ਦੇ ਬਿਨਾਂ ਕੰਮ ਕਰ ਰਿਹਾ ਹੈ। ਬਹੁਤ ਸਾਰੀਆਂ ਬਰਕਤਾਂ ਜੋ ਅਸੀਂ ਪ੍ਰਾਪਤ ਕਰਦੇ ਹਾਂ ਉਹ ਧਾਰਮਿਕ ਲੋਕਾਂ ਦੇ "ਆਤਮਿਕ ਲਾਭ ਅੰਸ਼" ਹਨ ਜਿਨ੍ਹਾਂ ਤੋਂ ਅਸੀਂ ਧਰਤੀ ਉੱਤੇ ਆਪਣੇ ਮੁਸਾਫਰੀ ਦੇ ਸਮੇਂ ਦੇ ਦੌਰਾਨ ਅਸੀਂ ਅਣਜਾਣ ਰਹਾਂਗੇ। ਕਿੰਨੇ ਧਾਰਮਿਕ ਲੋਕਾਂ ਦੇ ਬਲੀਦਾਨ ਹੋਏ ਅਤੇ ਉਹ ਮਰ ਗਏ ਹਨ ਤਾਂ ਕਿ ਅਸੀਂ ਉਨ੍ਹਾਂ ਦੁਨਿਆਵੀ, ਅਤੇ ਆਤਮਿਕ ਆਜ਼ਾਦੀ ਦੀਆਂ ਬਰਕਤਾਂ ਨੂੰ ਮਾਣ ਸਕੀਏ ਜਿਨ੍ਹਾਂ ਦਾ ਉਨ੍ਹਾਂ ਨੇ ਸਿਰਫ ਸੁਪਨਾ ਹੀ ਲਿਆ ਸੀ? ਬਹੁਤ ਸਾਰੇ ਲੋਕਾਂ ਨੇ ਸਾਡੇ ਭਵਿੱਖਾਂ ਵਿਚ ਆਰਥਿਕ, ਸਰੀਰਕ, ਅਤੇ ਆਤਮਿਕ ਨਿਵੇਸ਼ ਕੀਤੇ ਹਨ। ਇਸ ਵਿਚ ਰਸੂਲ ਅਤੇ ਹੋਰ ਮਸੀਹੀ ਸ਼ਾਮਲ ਹਨ ਜਿਨ੍ਹਾਂ ਨੇ ਮਸੀਹ ਦੇ ਉੱਤੇ ਪਰਮੇਸ਼ੁਰ ਦੇ ਪੁੱਤਰ ਦੇ ਰੂਪ ਵਿਚ ਆਪਣੇ ਵਿਸ਼ਵਾਸ ਦੇ ਕਾਰਣ ਅੱਤਿਆਚਾਰ ਨੂੰ ਸਹਿਆ ਹੈ। ਅੰਤਿਮ ਉਦਾਹਰਣ ਖੁਦ ਯਿਸੂ ਮਸੀਹ ਹੈ, ਜਿਸ ਨੇ ਸਾਡੇ ਪਾਪਾਂ ਦੇ ਲਈ ਆਪਣੀ ਆਗਿਆਕਾਰੀ ਮੌਤ (ਇਬਰਾਨੀਆਂ 5:7-9; 1 ਕੁਰਿੰਥੀਆਂ 15:3) ਅਤੇ ਆਪਣੇ ਸ਼ਾਨਦਾਰ ਜੀ ਉੱਠਣ ਦੇ ਦੁਆਰਾ (1 ਕੁਰਿੰਥੀਆਂ 15:4) "ਜੀਵਨ ਅਤੇ ਅਬਨਾਸ ਨੂੰ ਖੁਸ਼ ਖਬਰੀ ਦੇ ਰਾਹੀਂ ਪਰਕਾਸ਼ ਕੀਤਾ" (2 ਤਿਮੋਥਿਉਸ 1:10) ਅਤੇ ਸਾਡੇ ਲਈ ਬਰਕਤ ਨੂੰ ਲਿਆਂਦਾ ਹੈ।

ਬੇਸ਼ੱਕ, ਵਿਸ਼ਵਾਸ ਦਾ ਕੋਈ ਵੀ ਮਹਾਨ ਨਾਇਕ ਜੋ ਬਾਈਬਲ ਵਿਚ ਪਾਇਆ ਜਾਂਦਾ ਹੈ ਉਹ ਸਿੱਧ ਨਹੀਂ ਸੀ। ਇਸ ਦੇ ਉਲਟ, ਸਾਰੇ ਪਾਪੀ ਸਨ, ਜਿਵੇਂ ਅਸੀਂ ਪਾਪੀ ਹਾਂ। ਪ੍ਰਭੂ ਦੇ ਕੋਲ ਕੋਈ ਵੀ ਮਨੁੱਖ ਆਤਮਿਕ ਤੌਰ ਤੇ ਪਰਿਪੱਕ ਹੋ ਕੇ ਨਹੀਂ ਆਉਂਦਾ; ਅਸੀਂ ਆਪਣਾ ਵਿਸ਼ਵਾਸ ਵਿਚ ਚੱਲਣਾ ਆਤਮਿਕ ਬੱਚਿਆਂ (ਜੋ ਹੁਣੇ ਹੁਣੇ ਤੁਰਨ ਲੱਗੇ ਹੋਣ) ਦੇ ਰੂਪ ਵਿਚ ਸ਼ੁਰੂ ਕਰਦੇ ਹਾਂ ਜੋ ਕਈ ਵਾਰ ਠੋਕਰ ਖਾਂਦੇ ਅਤੇ ਡਿੱਗਦੇ ਹਨ। "ਵਚਨ ਦੇ ਖਾਲਸ ਦੁੱਧ ਨੂੰ ਲੈਣ" ਦੀ ਪ੍ਰਕਿਰਿਆ ਦੇ ਦੁਆਰਾ, ਅਸੀਂ ਦ੍ਰਿੜ ਵਿਸ਼ਵਾਸ (ਆਤਮਿਕ ਮਾਸਪੇਸ਼ੀਆਂ) ਦਾ ਵਿਕਾਸ ਕਰ ਸਕਦੇ ਹਾਂ ਅਤੇ ਆਪਣੀ

ਆਗਿਆਕਾਰੀ ਵਿਚ ਵਾਧਾ ਕਰਨ ਦੇ ਦੁਆਰਾ "ਮੁਕਤੀ ਲਈ ਵੱਧਦੇ" ਜਾ ਸਕਦੇ ਹਾਂ (1 ਪਤਰਸ 2:2)। ਅਬਰਾਹਾਮ ਅਤੇ ਇਸਹਾਕ ਦੇ ਵਾਂਗ, ਸਾਨੂੰ ਵੀ ਪਰਮੇਸ਼ੁਰ ਦੀ ਦਯਾ, ਕਿਰਪਾ, ਅਤੇ (ਵਾਇਦਾ ਕੀਤੀਆਂ ਹੋਈਆਂ) ਬਰਕਤਾਂ ਦੇ ਨਿਰੰਤਰ ਯਾਦ ਦਿਵਾਏ ਜਾਣ ਦੀ ਲੋੜ ਹੁੰਦੀ ਹੈ ਤਾਂ ਕਿ ਅਸੀਂ ਉਸ ਤਰੀਕੇ ਦੇ ਨਾਲ ਜੀ ਸਕੀਏ ਜੋ ਉਸ ਨੂੰ ਪਸੰਦ ਆਉਂਦਾ ਅਤੇ ਉਸ ਦੀ ਮਹਿਮਾ ਕਰਦਾ ਹੈ।

**ਝੂਠ ਦੀ ਇੱਕ ਵਿਰਾਸਤ (26:6-11)**

ਪਰਮੇਸ਼ੁਰ ਦਾ ਬਰਕਤਾਂ ਦਾ ਵਾਇਦੇ ਨੂੰ ਸੱਚਾਈ ਵਿਚ ਵਿਸ਼ਵਾਸ ਦੀ ਆਗਿਆਕਾਰੀ ਨੂੰ ਲਿਆਉਣਾ ਚਾਹੀਦਾ (ਪਰ ਹਰ ਸਮੇਂ ਨਹੀਂ) ਹੈ। ਪਰਮੇਸ਼ੁਰ ਦੇ ਮਹਾਨ ਵਾਇਦਿਆਂ ਨੂੰ ਪ੍ਰਾਪਤ ਕਰਨ ਤੋਂ ਬਾਅਦ (12:1-3), ਜਦੋਂ ਅਬਰਾਹਾਮ ਕਨਾਨ ਵਿਚ ਪਹੁੰਚਿਆ ਅਤੇ ਉੱਥੇ ਇੱਕ ਸੋਕੇ ਦਾ ਸਾਹਮਣਾ ਕੀਤਾ, ਤਾਂ ਉਸ ਨੇ ਵਾਇਦੇ ਦੇ ਦੇਸ ਨੂੰ ਛੱਡ ਕੇ ਮਿਸਰ ਵਿਚ ਜਾਣ ਦਾ ਫ਼ੈਸਲਾ ਕੀਤਾ। ਇਸ ਗਲਤ ਕਦਮ ਨੇ ਉਸ ਦੀ ਅਗਵਾਈ ਕੀਤੀ ਕਿ ਉਹ ਆਪਣੀ ਜਾਨ ਬਚਾਉਣ ਦੇ ਲਈ ਆਪਣੀ ਪਤਨੀ ਦੇ ਵਿਸ਼ੇ ਵਿਚ ਝੂਠ ਬੋਲੇ (12:10-20)। ਬਾਅਦ ਵਿਚ, ਉਸ ਨੇ ਗਰਾਰ ਵਿਚ ਉਹੀ ਪਾਪ ਕੀਤਾ (20:1-18)। ਇਹ ਘਟਨਾਵਾਂ ਨੇ ਉਸ ਦੀ ਅੰਸ ਦੇ ਲਈ ਇੱਕ ਬੁਰਾ ਉਦਾਹਰਣ ਪੇਸ਼ ਕੀਤਾ ਹੈ, ਜੋ ਉਸ ਦੀ ਨਕਲ ਕਰਨ ਦੀ ਇੱਛਾ ਰੱਖਦੇ ਸਨ।[18] ਇਹ ਪੁਰਾਣੀ ਕਹਾਵਤ ਸੱਚ ਸਾਬਤ ਹੋਈ "ਜੈਸਾ ਬਾਪ, ਵੈਸਾ ਬੇਟਾ": ਗਰਾਰ ਵਿਚ ਪਹੁੰਚਦਿਆਂ ਹੀ, ਉਸ ਨੇ ਰਿਬਕਾਹ ਦੇ ਨਾਲ ਆਪਣੇ ਸੰਬੰਧ ਦੇ ਵਿਸ਼ੇ ਵਿਚ ਧੋਖੇਬਾਜ਼ੀ ਸ਼ੁਰੂ ਕਰ ਦਿੱਤੀ, ਜਿਵੇਂ ਕਈ ਸਾਲ ਪਹਿਲਾਂ ਉਸ ਦੇ ਪਿਤਾ ਨੇ ਸਾਰਾਹ ਦੇ ਵਿਸ਼ੇ ਵਿਚ ਕੀਤਾ ਸੀ। ਆਪਣੇ ਪਿਤਾ ਦੇ ਵਾਂਗ, ਇਸਹਾਕ ਨੇ ਵੀ, ਇਸ ਡਰ ਦੇ ਕਾਰਣ ਝੂਠ ਬੋਲਿਆ ਕਿ ਫ਼ਿਲਿਸਤੀਆਂ ਵਿਚੋਂ ਕੋਈ ਮੈਨੂੰ ਮਾਰ ਕੇ ਮੇਰੀ ਪਤਨੀ ਨੂੰ ਲੈ ਲਵੇਗਾ (26:6-11)।

ਪਹਿਲੀ ਸਦੀ ਦੇ ਪਰਮੇਸ਼ੁਰ ਦੇ ਲੋਕਾਂ ਦੇ ਵਿਚਕਾਰ ਵੀ ਕਦੀ ਕਦੀ ਧੋਖੇ ਦਾ ਵਿਹਾਰ ਵੇਖਿਆ ਗਿਆ ਸੀ। ਇਸ ਤਰ੍ਹਾਂ ਦੇ ਕੰਮਾਂ ਨੇ ਏਕਤਾ ਅਤੇ ਗਵਾਹੀ ਦੇ ਲਈ ਖਤਰਾ ਪੈਦਾ ਕਰਨ, ਦੇ ਨਾਲ ਨਾਲ ਪ੍ਰਭੂ ਦੇ ਦਿਲ ਨੂੰ ਵੀ ਦੁਖਾਇਆ ਸੀ (ਵੇਖੋ ਯੂਹੰਨਾ 17:19-23)। (1) ਪਰਤਸ ਨੇ ਯਿਸੂ ਦਾ ਇਨਕਾਰ ਕੀਤਾ (ਲੂਕਾ 22:31-34, 54-62) ਅਤੇ ਅੰਤਾਕਿਯਾ ਵਿਚ ਪਾਖੰਡ ਕੀਤਾ ਸੀ (ਗਲਾਤੀਆਂ 2:11-14); (2) ਹਨਾਨਿਯਾ ਅਤੇ ਸਫ਼ੀਰਾ ਨੇ ਝੂਠ ਬੋਲਣ ਦੀ ਸਾਜ਼ਸ਼ ਘੜੀ (ਰਸੂਲਾਂ ਦੇ ਕਰਤੱਬ 5:1-11); ਅਤੇ (3) ਕੁਝ ਯਹੂਦੀ ਮਸੀਹੀਆਂ ਨੇ ਪੌਲੁਸ ਦੇ ਅਤੇ ਉਸ ਦੇ ਗੈਰ ਕੌਮਾਂ ਦੇ ਮਿਸ਼ਨ ਖਿਲਾਫ਼ ਝੂਠੀਆਂ ਗੱਲਾਂ ਕੀਤੀਆਂ ਅਤੇ ਝੂਠੇ ਦੋਸ਼ ਲਾਏ (ਰਸੂਲਾਂ ਦੇ ਕਰਤੱਬ 21:17-32)। ਕੁਝ ਸਮੇਂ ਬਾਅਦ, ਪੌਲੁਸ ਨੇ ਲਿਖਿਆ, "ਇਸ ਲਈ ਤੁਸੀਂ ਝੂਠ ਨੂੰ ਤਿਆਗ ਕੇ ਹਰੇਕ ਆਪਣੇ ਗੁਆਂਢੀ ਨਾਲ ਸੱਚ ਬੋਲੋ ਕਿਉਂ ਜੋ ਅਸੀਂ ਇੱਕ ਦੂਏ ਦੇ ਅੰਗ ਹਾਂ" (ਅਫ਼ਸੀਆਂ 4:25)।

ਸਾਨੂੰ ਇਨ੍ਹਾਂ ਸ਼ਬਦਾਂ ਵੱਲ ਧਿਆਨ ਦੇਣਾ ਚਾਹੀਦਾ ਹੈ ਅਤੇ ਈਮਾਨਦਾਰ ਲੋਕ ਹੋਣਾ ਚਾਹੀਦਾ ਹੈ। ਸੱਚਾਈ ਗਿਆਨ ਦੀ ਨੀਂਹ ਹੈ, ਅਤੇ ਇਹ ਇੱਕ ਸੀਮੈਂਟ ਹੈ ਜੋ ਲੋਕਾਂ ਨੂੰ ਇਕੱਠੇ ਜੋੜ ਕੇ ਰੱਖਦਾ ਹੈ। ਇਹ ਵਿਆਹਾਂ, ਪਰਿਵਾਰਾਂ, ਮਿੱਤਰਤਾ, ਵਪਾਰਾਂ, ਸਰਕਾਰਾਂ ਅਤੇ ਕਲੀਸੀਆਂਵਾਂ ਤੋਂ ਸਪੱਸ਼ਟ ਹੁੰਦਾ ਹੈ; ਇਹ ਸਭ ਸਫਲਤਾ ਅਤੇ ਸਥਿਰਤਾ ਦੇ ਲਈ ਸੱਚਾਈ ਤੇ ਨਿਰਭਰ ਕਰਦੇ ਹਨ। ਜਦੋਂ ਲੋਕ ਸੱਚ ਨਹੀਂ ਬੋਲਦੇ, ਤਾਂ ਸਮਾਜ ਟੁੱਟਣਾ ਅਤੇ ਵੱਖੋ-ਵੱਖ ਹੋਣਾ ਸ਼ੁਰੂ ਹੋ ਜਾਂਦਾ ਹੈ।

ਮਾਤਾ-ਪਿਤਾ ਨੂੰ ਆਪਣੇ ਆਪ ਤੋਂ ਪੁੱਛਣਾ ਚਾਹੀਦਾ ਹੈ, "ਅਸੀਂ ਆਪਣੇ ਬੱਚਿਆਂ ਦੇ ਲਈ ਵਿਰਾਸਤ ਵਿਚ ਕੀ ਛੱਡ ਕੇ ਜਾ ਰਹੇ ਹਾਂ?" ਕੀ ਅਸੀਂ ਅਗਲੀ ਪੀੜ੍ਹੀ ਦੇ ਵਿਰਸੇ ਲਈ ਧੋਖੇਬਾਜ਼ੀ, ਝੂਠ, ਸਵਾਰਥੀਪਨ, ਹੰਕਾਰ, ਅਤੇ ਪਖੰਡ ਛੱਡ ਰਹੇ ਹਾਂ? ਉਨ੍ਹਾਂ ਨੂੰ ਨਿਮਰਤਾਪੂਰਵਕ ਆਪਣੇ ਪਾਪਾਂ ਅਤੇ ਅਸਫਲਤਾਵਾਂ ਨੂੰ ਸਵੀਕਾਰ ਕਰਨ, ਅਤੇ ਪਰਮੇਸ਼ੁਰ ਦੇ ਸਾਹਮਣੇ ਉਨ੍ਹਾਂ ਨੂੰ ਸਵੀਕਾਰ ਕਰਨ ਅਤੇ ਗੰਭੀਰਤਾ ਦੇ ਨਾਲ ਪਰਮੇਸ਼ੁਰ ਦੀ ਮਹਿਮਾ ਕਰਨ ਅਤੇ ਉਸ ਦੀ ਇੱਛਾ ਨੂੰ ਪੂਰਾ ਕਰਨ ਦੀ ਕੋਸ਼ਿਸ਼ ਕਰਨ ਦੀਆਂ ਉਦਾਹਰਣਾਂ ਨੂੰ ਵੇਖਣ ਦੀ ਲੋੜ ਹੈ। ਜਦੋਂ ਪਖੰਡ ਹੁੰਦਾ ਹੈ, ਤਾਂ ਸ਼ਤਾਨ ਖੁਸ਼ ਹੁੰਦਾ ਹੈ, ਪਰਮੇਸ਼ੁਰ ਦੇ ਲੋਕ ਸ਼ਰਮਿੰਦੇ ਹੁੰਦੇ ਹਨ, ਅਤੇ ਪਰਮੇਸ਼ੁਰ ਦਾ ਦਿਲ ਆਪਣੇ ਬੱਚਿਆਂ ਦੀ ਦੁਸ਼ਟਤਾ ਦੇ ਕਾਰਣ ਦੁਖੀ ਹੁੰਦਾ ਹੈ।

**ਸੰਘਰਸ਼ ਦੇ ਨਾਲ ਨਜਿੱਠਣਾ (26:12-22)**

ਪਰਮੇਸ਼ੁਰ ਦੀਆਂ ਬਰਕਤਾਂ ਦੁਨੀਆਂ ਦੀ ਈਰਖਾ ਅਤੇ ਵਿਰੋਧ ਦਾ ਕਾਰਣ ਬਣ ਸਕਦੀਆਂ ਹਨ। ਸਾਡੀ ਲਿਖਤ ਸਪੱਸ਼ਟ ਤੌਰ ਤੇ ਇਸ ਗੱਲ ਨੂੰ ਪਰਗਟ ਕਰਦੀ ਹੈ ਕਿ ਪਰਮੇਸ਼ੁਰ ਇਸਹਾਕ ਨੂੰ ਬਰਕਤ ਦੇਣ ਦੇ ਆਪਣੇ ਵਾਇਦਿਆਂ ਦੇ ਪ੍ਰਤਿ ਵਫ਼ਾਦਾਰ ਸੀ, ਤਾਂ ਕਿ ਉਹ ਬਹੁਤ ਹੀ ਜ਼ਿਆਦਾ ਅਮੀਰ ਹੋ ਜਾਵੇ। ਉਸ ਦੇ ਕੋਲ ਬਹੁਤ ਸਾਰੀਆਂ ਭੇਡਾਂ-ਬੱਕਰੀਆਂ ਅਤੇ ਵੱਗ ਸਨ, ਵੱਡੀ ਗਿਣਤੀ ਵਿਚ ਲੋਕ, ਅਤੇ ਸੌ ਗੁਣਾ ਭਰਪੂਰੀ ਦੀ ਫਸਲ ਸੀ। ਇਨ੍ਹਾਂ ਸਾਰੀਆਂ ਗੱਲਾਂ ਦੇ ਕਾਰਣ ਅਬੀਮਲਕ ਦੇ ਲੋਕ ਇਸਹਾਕ ਨਾਲ ਈਰਖਾ ਕਰਦੇ ਸਨ (26:12-14); ਉਹ ਉਸ ਦੁਨਿਆਵੀ ਸਫਲਤਾ ਤੋਂ ਜਿਸ ਨੂੰ ਉਹ ਮਾਣਦਾ ਸੀ ਬਹੁਤ ਹੀ ਈਰਖਾ ਕਰਦੇ ਸਨ। ਜਦੋਂ ਉਨ੍ਹਾਂ ਨੇ ਇਸਹਾਕ ਦੀ ਦੌਲਤ ਅਤੇ ਉਸ ਦਾ ਸਾਰਾ ਮਾਲ-ਧਨ ਵੇਖਿਆ, ਤਾਂ ਉਨ੍ਹਾਂ ਨੇ ਪਹਿਲਾਂ ਉਸ ਦੇ ਪਿਤਾ ਦੇ ਆਦਮੀਆਂ ਦੇ ਦੁਆਰਾ ਖੋਦੇ ਗਏ ਖੂਹਾਂ ਨੂੰ ਪੂਰ ਕੇ ਅਤੇ ਉਸ ਦੇ ਲਈ ਪਾਣੀ ਦੀ ਜ਼ਿਆਦਾਤਰ ਸਪਲਾਈ ਨੂੰ ਰੋਕ ਕੇ ਉਸ ਦੇ ਧਨ ਦੇ ਦੁਨਿਆਵੀ ਸ੍ਰੋਤ ਨੂੰ ਕਮਜ਼ੋਰ ਕਰਨ ਦੀ ਕੋਸ਼ਿਸ਼ ਕੀਤੀ (26:15)।

ਜਦੋਂ ਇਸ ਦੇ ਨਾਲ ਗੱਲ ਨਹੀਂ ਬਣੀ, ਤਾਂ ਅਬੀਮਲਕ ਨੇ ਮੰਗ ਕੀਤੀ ਕਿ ਇਸਹਾਕ ਅਤੇ ਉਸ ਦੇ ਲੋਕ ਗਰਾਰ ਸ਼ਹਿਰ ਚੋਂ ਚਲੇ ਜਾਣ। ਉਸ ਨੇ ਉਨ੍ਹਾਂ ਨੂੰ ਇੱਕ ਖਤਰੇ ਦੇ ਰੂਪ ਵਿਚ ਵੇਖਿਆ ਕਿਉਂਕਿ ਉਹ "ਬਹੁਤ ਹੀ ਸ਼ਕਤੀਸ਼ਾਲੀ" ਸਨ (26:16)। ਇਸਹਾਕ ਆਪਣੇ ਲੋਕਾਂ ਅਤੇ ਸਾਰੇ ਜਾਨਵਰਾਂ ਨੂੰ ਰਾਜਧਾਨੀ ਤੋਂ ਦੂਰ ਲੈ ਗਿਆ, ਅਤੇ ਉਨ੍ਹਾਂ ਨੇ "ਗਰਾਰ ਦੇ ਬੇਟ [ਵਾਦੀ] ਵਿੱਚ ਆਪਣਾ ਤੰਬੂ ਲਾਇਆ" (26:17), ਜੋ ਸ਼ਹਿਰ ਤੋਂ ਕੁਝ ਦੂਰੀ ਤੇ ਸੀ। ਉੱਥੇ, ਇਸਹਾਕ ਦੇ ਆਦਮੀਆਂ ਨੇ ਉਸ ਦੇ ਪਿਤਾ ਦੇ ਖੂਹਾਂ ਨੂੰ ਫਿਰ ਤੋਂ ਖੋਲ੍ਹ ਲਿਆ ਜੋ ਫ਼ਿਲਿਸਤੀ ਲੋਕਾਂ ਨੇ ਪੂਰ ਦਿੱਤੇ ਸਨ। ਇਸ ਤੋਂ ਇਲਾਵਾ, ਉਨ੍ਹਾਂ ਨੇ ਇੱਕ ਨਵਾਂ ਖੂਹ ਖੋਦਿਆ, ਜੋ ਵਹਿੰਦੇ ਪਾਣੀ ਦਾ ਚਸ਼ਮਾ ਸਿੱਧ ਹੋਇਆ (26:18, 19)।

ਪਰ, ਫ਼ਿਲਿਸਤੀ ਹਰ ਨਵੇਂ ਖੂਹ ਦੀ ਮੰਗ ਕਰਦੇ ਹੋਏ ਉਨ੍ਹਾਂ ਦੇ ਪਿੱਛੇ ਪਏ ਰਹੇ, ਜਿਸ ਦੇ ਕਾਰਣ ਦੋਵਾਂ ਸਮੂਹਾਂ ਦੇ ਵਿਚ ਝਗੜਾ ਅਤੇ ਸੰਘਰਸ਼ ਹੁੰਦੇ ਰਹੇ (26:20, 21)। ਆਖਿਰਕਾਰ, ਇਸਹਾਕ ਆਪਣੇ ਲੋਕਾਂ ਅਤੇ ਪਸ਼ੂਆਂ ਨੂੰ ਗਰਾਰ ਤੋਂ ਬਹੁਤ ਦੂਰ ਲੈ ਗਿਆ, ਪਰ ਅਜੇ ਵੀ ਉਹ ਅਬੀਮਲਕ ਦੀ ਹੱਦ ਵਿਚ ਸਨ। ਉੱਥੇ, ਉਸ ਦੇ ਆਦਮੀਆਂ ਨੇ ਇੱਕ ਹੋਰ ਸਫਲ ਖੂਹ ਪੁੱਟਿਆ, ਅਤੇ ਇਸ ਵਾਰ ਫ਼ਿਲਿਸਤੀਆਂ ਨੇ ਉਸ ਦੇ ਉੱਤੇ ਕਬਜ਼ਾ ਕਰਨ ਦੀ ਕੋਸ਼ਿਸ਼ ਨਹੀਂ ਕੀਤੀ। ਬੇਸ਼ੱਕ, ਖੂਹਾਂ ਦੇ ਵਿਸ਼ੇ ਵਿਚ ਇਨ੍ਹਾਂ ਝਗੜਿਆਂ ਦੇ ਅੰਤ ਵਿਚ ਇਸਹਾਕ ਨੂੰ ਬਹੁਤ ਹੀ ਅਰਾਮ ਮਿਲਿਆ,

ਅਤੇ ਉਸ ਨੇ ਇਹ ਵਿਸ਼ਵਾਸ ਕਰਦੇ ਹੋਏ ਕਿ ਪ੍ਰਭੂ ਨੇ ਉਸ ਨੂੰ ਮੋਕਲੀ ਥਾਂ ਲੱਭਣ ਦੀ ਬਰਕਤ ਦਿੱਤੀ ਹੈ ਜਿੱਥੇ ਉਹ ਫੈਲ ਸਕੇ ਅਤੇ ਦੇਸ ਵਿਚ ਖੁਸ਼ਹਾਲ ਹੋ ਸਕੇ, ਇਸ ਲਈ ਉਸ ਨੇ ਇਸ ਖੂਹ ਦਾ ਨਾਮ "ਰਹੋਬੋਥ" ਰੱਖਿਆ (26:22)।

ਇਸ ਖਾਤੇ ਤੋਂ, ਅਸੀਂ ਵੇਖਦੇ ਹਾਂ ਕਿ ਇਸਹਾਕ ਆਪਣੇ ਪਿਤਾ ਤੋਂ ਇੱਕ ਬਹੁਤ ਹੀ ਵੱਖਰੇ ਕਿਸਮ ਦਾ ਆਦਮੀ ਸੀ। ਜਦੋਂ ਅਬਰਾਹਾਮ ਨੂੰ ਲੋਕਾਂ ਦੇ ਨਾਲ ਸਮੱਸਿਆਵਾਂ ਹੁੰਦੀਆਂ ਸਨ, ਭਾਵੇਂ ਉਹ ਉਸ ਦੇ ਪਾਲੀਆਂ ਅਤੇ ਲੂਤ ਦੇ ਪਾਲੀਆਂ ਵਿਚਲਾ ਝਗੜਾ ਸੀ (13:5-12), ਪੂਰਬ ਦੇ ਚਹੁੰ ਰਾਜਿਆਂ ਦੇ ਉੱਤੇ ਹਮਲਾ (14:1-24),[19] ਇਸਮਾਏਲ ਜਾਂ ਹਾਜਰਾ ਦੇ ਕਾਰਣ ਪੈਦਾ ਹੋਈ ਮੁਸ਼ਕਲ ਸੀ (21:9-14), ਜਾਂ ਫ਼ਿਲਿਸਤੀਆਂ ਦੇ ਕਾਰਣ ਮੁਸ਼ਕਲਾਂ ਹੋਣ, ਉਹ ਉਨ੍ਹਾਂ ਦਾ ਮੁਕਾਬਲਾ ਕਰਕੇ ਸਥਿਤੀ ਨੂੰ ਸੁਲਝਾ ਲੈਂਦਾ ਸੀ। ਇਸ ਦੇ ਉਲਟ, ਇਸਹਾਕ ਜਿੱਥੋਂ ਤੱਕ ਹੋ ਸਕੇ ਟਕਰਾਅ ਤੋਂ ਦੂਰ ਰਹਿੰਦਾ ਸੀ। ਉਹ "ਸਾਰੇ ਮਨੁੱਖਾਂ ਦੇ ਨਾਲ ਮੇਲ ਰੱਖਣ" ਦੀ ਕੋਸ਼ਿਸ਼ ਕਰਦਾ ਸੀ (ਰੋਮੀਆਂ 12:18) ਅਤੇ ਫ਼ਿਲਿਸਤੀਆਂ ਦੇ ਕੋਲੋਂ ਜੋ ਉਸ ਦੇ ਖੂਹਾਂ ਨੂੰ ਖੋਹ ਲੈਂਦੇ ਸਨ ਬਦਲਾ ਨਹੀਂ ਲੈਂਦਾ ਸੀ।

ਮੁਸ਼ਕਲ ਹਲਾਤਾਂ ਵਿਚ ਪਰਮੇਸ਼ੁਰ ਦੇ ਕੋਲੋਂ ਬੁੱਧੀ ਦੀ ਲੋੜ ਹੁੰਦੀ ਹੈ। ਅਸੀਂ ਕਿਵੇਂ ਜਾਣ ਸਕਦੇ ਹਾਂ ਕਿ ਪਰਮੇਸ਼ੁਰ ਚਾਹੁੰਦਾ ਹੈ ਕਿ ਅਸੀਂ ਲੋਕਾਂ ਦੇ ਨਾਲ ਲੜੀਏ ਜਾਂ ਸ਼ਾਂਤੀ ਰੱਖੀਏ? ਪਰਮੇਸ਼ੁਰ ਦੋਵਾਂ ਦ੍ਰਿਸ਼ਟੀਕੋਣਾਂ ਨੂੰ ਇਸਤੇਮਾਲ ਕਰਕੇ ਸਾਨੂੰ ਬਰਕਤ ਦੇ ਸਕਦਾ ਹੈ, ਅਤੇ ਉਸ ਦੇ ਪੂਰੇ ਇਤਹਾਸ ਵਿਚ ਅਜਿਹਾ ਕੀਤਾ ਹੈ। ਮੌਲਿਕ ਸਮੱਸਿਆ ਇਹ ਹੈ ਕਿ ਕਦੀ ਕਦੀ ਸਾਡੇ ਆਸ-ਪਾਸ ਦੇ ਲੋਕਾਂ ਦੇ ਨਾਲ ਸ਼ਾਂਤੀ ਦੇ ਨਾਲ ਰਹਿਣਾ ਅਸੰਭਵ ਹੁੰਦਾ ਹੈ। ਜਦੋਂ ਅਸੀਂ ਯਿਸੂ ਦੇ ਨਕਸ਼ੇ ਕਦਮਾਂ ਤੇ ਚੱਲਣ ਅਤੇ ਉਸ ਦੇ ਦਾਸ ਬਣਨ ਦੀ ਕੋਸ਼ਿਸ਼ ਕਰਦੇ ਹਾਂ ਤਾਂ ਸਾਨੂੰ ਪਰਮੇਸ਼ੁਰ ਦੀ ਪਵਿੱਤਰ ਅਤੇ ਮਿਲਣਸਾਰ ਬੁੱਧ ਦੀ ਖੋਜ ਕਰਨਾ ਜ਼ਰੂਰੀ ਹੈ (ਯਾਕੂਬ 3:17)।

ਇਸਹਾਕ, ਉਹ ਪੁੱਤਰ ਜਿਸ ਦਾ ਪਰਮੇਸ਼ੁਰ ਨੇ ਅਬਰਾਹਾਮ ਦੇ ਨਾਲ ਵਾਇਦਾ ਕੀਤਾ ਸੀ, ਉਹ ਕਈ ਤਰੀਕਿਆਂ ਦੇ ਨਾਲ ਆਪਣੇ ਪਿਤਾ ਦੇ ਨਕਸ਼ੇ ਕਦਮ ਤੇ ਚੱਲਿਆ। ਸਭ ਤੋਂ ਮਹੱਤਵਪੂਰਣ ਗੱਲ ਇਹ ਹੈ ਕਿ ਉਹ ਯਹੋਵਾਹ ਦੇ ਨਾਲ ਇੱਕ ਨਿਜੀ ਰਿਸ਼ਤਾ ਕਾਇਮ ਕਰਨਾ ਚਾਹੁੰਦਾ ਸੀ। ਪਰਮੇਸ਼ੁਰ ਇਸਹਾਕ ਤੇ ਪਰਗਟ ਹੋਇਆ ਅਤੇ ਉਸ ਨੇ ਅਬਰਾਹਾਮ ਨਾਲ ਕੀਤੇ ਆਪਣੇ ਹੋਰਨਾਂ ਮਹਾਨ ਵਾਇਦਿਆਂ ਨੂੰ ਦੁਹਰਾਇਆ। ਇਨ੍ਹਾਂ ਵਾਇਦਿਆਂ ਵਿਚ ਆਪਣੀ ਭੂਮਿਕਾ ਨੂੰ ਨਿਭਾਉਣ ਤੋਂ ਇਸਹਾਕ ਬਹੁਤ ਹੀ ਦੂਰ ਸੀ।

### ਵਿਰੋਧੀ ਧਿਰ ਉੱਤੇ ਜਿੱਤ (26:23-33)

ਪਰਮੇਸ਼ੁਰ ਦੇ ਉੱਤੇ ਆਪਣੇ ਪੱਕੇ ਵਿਸ਼ਵਾਸ ਦੇ ਕਾਰਣ ਪਰਮੇਸ਼ੁਰ ਦੇ ਲੋਕ ਅਕਸਰ ਦੁਨਿਆਵੀ ਵਿਰੋਧਤਾ ਦੇ ਉੱਤੇ ਜਿੱਤ ਨੂੰ ਹਾਸਲ ਕਰਦੇ ਹਨ। ਖੂਹਾਂ ਦੇ ਵਿਸ਼ੇ ਵਿਚ ਫ਼ਿਲਿਸਤੀਆਂ ਦੇ ਨਾਲ ਕੀਤੇ ਗਏ ਸਾਰੇ ਸੰਘਰਸ਼ਾਂ ਤੋਂ ਬਾਅਦ, ਇਸਹਾਕ ਬਏਰਸਬਾ ਨੂੰ ਪਰਤਿਆ, ਜਿੱਥੇ ਪਹਿਲਾਂ ਅਬੀਮਲਕ ਅਤੇ ਫੀਕੋਲ ਉਸ ਦੇ ਪਿਤਾ ਅਬਰਾਹਾਮ ਦੇ ਨਾਲ ਸ਼ਾਂਤੀ ਦੀ ਸੌਂਹ ਖਾਣ ਦੀ ਮੰਗ ਕਰਨ ਦੇ ਲਈ ਆਏ ਸਨ, ਕਿਉਂਕਿ ਉਹ ਇਸ ਗੱਲ ਨੂੰ ਸਮਝ ਗਏ ਸਨ ਕਿ ਪਰਮੇਸ਼ੁਰ ਉਨ੍ਹਾਂ ਦੇ ਨਾਲ ਸੀ (21:22-32)। ਇਸ ਬਿੰਦੂ ਤੇ, ਯਹੋਵਾਹ ਨੇ ਇਸਹਾਕ ਨੂੰ ਦਰਸ਼ਣ ਦਿੱਤੇ ਅਤੇ ਭਰੋਸਾ ਦਿਵਾਇਆ ਕਿ ਉਹ ਆਪਣੇ ਦਾਸ ਅਬਰਾਹਾਮ ਦੀ ਖਾਤਰ ਉਸ ਦੇ ਨਾਲ ਹੋਵੇਗਾ ਅਤੇ ਉਸ ਦੀ ਸੰਤਾਨ ਨੂੰ ਵਧਾਵੇਗਾ (26:24)। ਇਸ ਰੱਬੀ ਦਰਸ਼ਣ ਦੇ ਪ੍ਰਤਿ ਧੰਨਵਾਦ ਨੂੰ

ਪਰਗਟ ਕਰਨ ਦੇ ਲਈ, ਇਸਹਾਕ ਨੇ ਇੱਕ ਜਗਵੇਦੀ ਬਣਾਈ ਅਤੇ ਯਹੋਵਾਹ ਦੀ ਬੰਦਗੀ ਕੀਤੀ।

ਇਸ ਦਰਸ਼ਣ ਤੋਂ ਕੁਝ ਸਮਾਂ ਬਾਅਦ, ਅਬੀਮਲਕ ਅਤੇ ਉਸ ਦੇ ਆਦਮੀ ਇਸਹਾਕ ਦੇ ਕੋਲ ਆਏ, ਜੋ ਉਸ ਦੇ ਨਾਲ ਸੌਂਹ ਖਾਣਾ ਚਾਹੁੰਦੇ। ਫ਼ਿਲਿਸਤੀਆਂ ਦੇ ਆਉਣ ਤੇ ਇਸਹਾਕ ਹੈਰਾਨ ਹੋ ਗਿਆ ਉਸ ਨੇ ਸੋਚਿਆ ਕਿ ਉਨ੍ਹਾਂ ਲੋਕਾਂ ਨੇ ਉਸ ਦੇ ਨਾਲ ਨਫ਼ਰਤ ਕੀਤੀ ਸੀ ਅਤੇ ਜਾਣ-ਬੁੱਝ ਕੇ ਉਸ ਨੂੰ ਆਪਣੇ ਦੇਸ ਤੋਂ ਦੂਰ ਕਿਨਾਰੇ ਤੇ ਕੱਢ ਦਿੱਤਾ ਸੀ (26:27)। ਪਰ ਅਸਲ ਵਿਚ, ਉਨ੍ਹਾਂ ਨੇ ਇਹ ਮਨ ਲਿਆ ਸੀ ਕਿ ਇਸਹਾਕ ਇੰਨਾ ਮਜ਼ਬੂਤ ਹੁੰਦਾ ਜਾ ਰਿਹਾ ਸੀ ਕਿ ਉਹ ਉਨ੍ਹਾਂ ਦੇ ਲਈ ਦਹਿਸ਼ਤ ਦਾ ਕਾਰਣ ਬਣ ਗਿਆ ਸੀ। ਉਹ ਕਿਸੇ ਵੀ ਗਲਤ ਕੰਮ ਦੇ ਵਿਸ਼ੇ ਵਿਚ ਨਿਰਦੋਸ਼ ਸਿੱਧ ਹੋਏ ਅਤੇ ਉੱਤਰ ਦਿੱਤਾ, "ਹੁਣ ਸਫਾਈ ਨਾਲ ਅਸਾਂ ਵੇਖਿਆ ਹੈ ਕਿ ਯਹੋਵਾਹ ਤੁਹਾਡੇ ਸੰਗ ਹੈ" (26:28)। ਇਹ ਆਖਰੀ ਬਿਆਨ ਇਸ ਗੱਲ ਵੱਲ ਸੰਕੇਤ ਕਰਦਾ ਹੈ ਕਿ ਫ਼ਿਲਿਸਤੀ ਲੋਕ ਇਸ ਗੱਲ ਨੂੰ ਸਮਝਦੇ ਸਨ ਕਿ ਉਨ੍ਹਾਂ ਦੇ ਦੁਆਰਾ ਦਿੱਤੀ ਗਈ ਹਰ ਰੁਕਾਵਟ ਦੇ ਬਾਵਜੂਦ ਇਸਹਾਕ ਦੀ ਖੁਸ਼ਹਾਲੀ ਅਤੇ ਸ਼ਕਤੀ ਦਾ ਕਾਰਣ ਉਸ ਦੇ ਉੱਤੇ ਪਰਮੇਸ਼ੁਰ ਦੀ ਬਰਕਤ ਸੀ। ਇਸ ਲਈ, ਉਹ ਉਸ ਦੇ ਨਾਲ ਇੱਕ ਪਰਨ (ਨੇਮ) ਕਰਨਾ ਚਾਹੁੰਦੇ ਸਨ, ਤਾਂ ਕਿ ਉਹ ਇਸ ਵਿਦੇਸੀ ਅਤੇ ਉਸ ਦੇ ਲੋਕਾਂ ਦੇ ਨਾਲ ਸ਼ਾਂਤੀ ਵਿਚ ਰਹਿ ਸਕਣ (26:28, 29)। ਫ਼ਿਲਿਸਤੀਆਂ ਦੁਆਰਾ ਆਪਣੀ ਚਾਹਤ ਦੱਸੇ ਜਾਣ ਤੋਂ ਬਾਅਦ, ਸਪੱਸ਼ਟ ਤੌਰ ਤੇ ਇਸਹਾਕ ਨੂੰ ਰਾਹਤ ਮਿਲੀ ਸੀ। ਉਹ ਨੇ ਉਨ੍ਹਾਂ ਦੇ ਨਾਲ ਇੱਕ ਦਾਅਵਤ ਵਿਚ ਸਾਂਝੀ ਹੋਇਆ, ਅਤੇ ਇਹ ਸਹੁੰ ਆਪਸ ਵਿਚ ਸੌਂਹ ਚੁੱਕਣ ਦੇ ਨਾਲ ਪੂਰੀ ਹੋਈ। ਫਿਰ ਫ਼ਿਲਿਸਤੀ ਨਿਕਲ ਕੇ ਉੱਥੋਂ ਗਰਾਰ ਨੂੰ ਚਲੇ ਗਏ (26:30, 31)।

ਹੋ ਸਕਦਾ ਹੈ ਕਿ ਕੁਝ ਲੋਕ ਫ਼ਿਲਿਸਤੀਆਂ ਦੇ ਪ੍ਰਤਿ ਇਸਹਾਕ ਦੇ ਕਾਇਰਤਾ ਦੇ ਵਿਹਾਰ ਦੀ ਅਲੋਚਨਾ ਕਰਨ, ਕਿਉਂਕਿ ਉਹ ਆਪਣੇ ਹੱਕਾਂ ਦੇ ਲਈ ਖੜਾ ਨਹੀਂ ਹੁੰਦਾ ਸੀ। ਕਈ ਵਾਰ, ਉਨ੍ਹਾਂ ਨੇ ਉਸ ਦੇ ਲੋਕਾਂ ਦੇ ਦੁਆਰਾ ਹਾਲ ਹੀ ਵਿਚ ਪੁੱਟੇ ਖੂਹਾਂ ਨੂੰ ਪੂਰ ਦਿੱਤਾ ਸੀ ਅਤੇ ਉਨ੍ਹਾਂ ਉੱਤੇ ਕਬਜ਼ਾ ਕਰ ਲਿਆ ਸੀ। ਇਸ ਤਰ੍ਹਾਂ ਦੇ ਵਿਰੋਧਾਂ ਦੇ ਲਈ ਉਚਿਤ ਪ੍ਰਕਿਰਿਆ ਜਵਾਬੀ ਹਮਲਾ ਹੋ ਸਕਦਾ ਹੈ। ਪਰ, ਇਸਹਾਕ ਨੇ ਅਜਿਹਾ ਨਹੀਂ ਕੀਤਾ; ਇਸ ਦੀ ਬਜਾਇ, ਉਸ ਨੇ ਦੂਜੀ ਗੱਲ ਵੀ ਫੇਰ ਦਿੱਤੀ, ਜੋ ਬਹੁਤ ਦੇਰ ਬਾਅਦ ਯਿਸੂ ਨੇ ਮੱਤੀ 5:39 ਵਿਚ ਯਿਸੂ ਨੇ ਆਪਣੇ ਚੇਲਿਆਂ ਨੂੰ ਸਿਖਾਇਆ ਸੀ। ਬੁਰਾਈ ਦੇ ਬਦਲੇ ਬੁਰਾਈ ਨਾ ਕਰਕੇ, ਉਸ ਨੇ ਅਸਲ ਵਿਚ ਭਲਿਆਈ ਦੇ ਨਾਲ ਬੁਰਾਈ ਨੂੰ ਜਿੱਤ ਲਿਆ ਸੀ (ਰੋਮੀਆਂ 12:17-21)। ਬੁੱਧੀਮਾਨ ਪੁਰਖ ਨੇ ਜ਼ੋਰ ਦਿੱਤਾ ਕਿ "ਇੱਕ ਪਿਆਰ ਕਰਨ ਦਾ ਵੇਲਾ ਹੈ ਅਤੇ ਇੱਕ ਵੈਰ ਕਰਨ ਦਾ ਵੇਲਾ ਹੈ" (ਉਪਦੇਸ਼ਕ 3:8)। ਇਸਹਾਕ ਨੇ ਇਸ ਗੱਲ ਦਾ ਸਬੂਤ ਦਿੱਤਾ ਕਿ ਇਹ ਨਿਸ਼ਚਤ ਤੌਰ ਤੇ ਯੁੱਧ ਦਾ ਸਮਾਂ ਨਹੀਂ ਸੀ; ਉਸ ਦੇ ਸ਼ਾਂਤੀਪੂਰਣ ਵਿਹਾਰ ਦੇ ਸਿੱਟੇ ਵਜੋਂ ਇੱਕ ਸੰਧੀ ਹੋਈ ਜਿਸ ਨੇ ਉਸ ਨੂੰ ਗਰੰਟੀ ਦਿੱਤੀ, ਕਿ ਉਸ ਦੇ ਲੋਕਾਂ ਅਤੇ ਉਸ ਦੇ ਜਾਨਵਰਾਂ ਨੂੰ ਫ਼ਿਲਿਸਤੀਆਂ ਦੀ ਦਖਲਅੰਦਾਜ਼ੀ ਤੋਂ ਬਿਨਾਂ ਖੂਹਾਂ ਅਤੇ ਚਰਾਗਾਹ ਤੇ ਅਧਿਕਾਰ ਮਿਲ ਗਿਆ ਹੈ। ਪ੍ਰਭੂ ਨੇ ਉਨ੍ਹਾਂ ਨੂੰ ਬਰਕਤ ਦਿੱਤੀ ਤਾਂ ਕਿ ਉਹ ਕਨਾਨ ਦੇਸ ਵਿਚ ਸ਼ਾਂਤੀ ਨਾਲ ਜੀਵਨ ਬਤੀਤ ਕਰ ਸਕਣ। ਕਿਉਂਕਿ ਇਸਹਾਕ ਨੇ ਸ਼ਾਂਤੀ ਦੀ ਮੰਗ ਕੀਤੀ ਸੀ, ਉਸ ਦੀ ਚਾਲ "ਯਹੋਵਾਹ ਨੂੰ ਭਾਉਂਦੀ" ਸੀ, ਜਿਸ ਨੇ "ਉਸ ਦੇ ਵੈਰੀਆਂ ਦਾ ਵੀ ਉਸ ਨਾਲ ਮੇਲ ਕਰਾ" ਦਿੱਤਾ ਸੀ (ਕਹਾਉਤਾਂ 16:7)। ਇਸ ਤਰੀਕੇ ਦੇ ਨਾਲ, ਆਪਣੇ ਵਿਰੋਧੀਆਂ ਦੇ ਪ੍ਰਤਿ ਇਸਹਾਕ ਦੀ ਪ੍ਰਤਿਕਿਰਿਆ ਯਿਸੂ ਅਤੇ ਪੌਲੁਸ ਦੀ ਸਿੱਖਿਆ ਦੇ ਲਈ ਇੱਕ ਅਗ੍ਰਸਰ ਸੀ।

## ਟਿੱਪਣੀਆਂ

[1]ਸਮਾਨਤਾਵਾਂ ਦੀ ਸੂਚੀ ਲਈ, ਵੇਖੋ ਗੋਰਡਨ ਜੇ. ਵੇਨਹੈਮ, *ਜੇਨੇਸਿਸ 16-50,* ਵਰਡ ਬਿਬਲੀਕਲ ਕਮੈਂਟਰੀ, ਜਿਲਦ 2 (ਡੱਲਾਸ: ਵਰਡ ਬੁਕਸ, 1994), 187. [2]ਜ਼ਬੂਰ 34 ਦੇ ਉੱਪਰ ਲਿਖੇ ਗਏ ਸ਼ਬਦਾਂ ਵਿਚ ਗਥ ਦੇ ਫਿਲਿਸਤੀ ਰਾਜੇ ਨੂੰ "ਅਬੀਮਲਕ" ਕਿਹਾ ਗਿਆ ਹੈ (ਸਪੱਸ਼ਟ ਤੌਰ ਤੇ ਇੱਕ ਰਾਜਵੰਸ਼ੀ ਸਿਰਲੇਖ), ਜਦਕਿ 1 ਸਮੂਏਲ 21:10-15 ਉਸ ਨੂੰ "ਆਕੀਸ਼" (ਇੱਕ ਵਿਅਕਤੀਗਤ ਨਾਮ) ਕਹਿੰਦਾ ਹੈ। [3]ਜਦੋਂ ਮੂਸਾ ਨੇ ਸ਼ਰਾ ਦੇ ਵਿਸ਼ੇ ਵਿਚ ਲਿਖਿਆ (ਜੋ ਅਬਰਾਹਾਮ ਤੋਂ ਸੈਂਕੜੇ ਸਾਲ ਬਾਅਦ ਆਈ), ਤਾਂ ਉਨ੍ਹਾਂ ਨੇ ਆਪਣੇ ਨੇਮਾਂ ਦਾ ਵਰਣਨ ਕਰਨ ਦੇ ਲਈ ਇਨ੍ਹਾਂ ਸ਼ਰਤਾਂ ਨੂੰ ਵਰਤਿਆ (ਲੇਵੀਆਂ 26:14, 15, 46; ਬਿਵਸਥਾ ਸਾਰ 11:1)। [4]ਜੇ. ਬਾਰਟਨ ਪੈਨ, "חֻקָּה," *TWOT* ਵਿਚ, 2:763. [5]ਜੀ. ਹਰਬਰਟ ਲਿਵਿੰਗਸਟਨ, "מִשְׁמֶרֶת," *TWOT* ਵਿਚ, 1:78-79. [6]ਲਿਓਨਾਰਡ ਜੇ. ਕੂਪਸ, "לָבַן" *TWOT* ਵਿਚ, 2:570. [7]ਇੱਕ ਮਹਾਨ ਪਮਾਨੇ ਤੇ ਇਸ ਘਟਨਾ ਦੀ ਇੱਕ ਸ਼ਾਨਦਾਰ ਉਦਾਹਰਣ ਸਿਨਈ ਪ੍ਰਾਇਦੀਪ ਵਿਚ ਵਾਦੀਫੇਰਨ ਹੈ। ਇਹ ਕਈ ਮੀਲ ਲੰਬਾ ਇੱਕ ਨਖਾਲਿਸਤਾਨ ਪ੍ਰਦਾਨ ਕਰਦਾ ਹੈ ਜਿਸ ਵਿਚ ਖ਼ੂਹ, ਹਜ਼ਾਰਾਂ ਖਜੂਰ ਤਾੜ, ਅਤੇ ਹੋਰਨਾਂ ਕਿਸਮਾਂ ਦੀ ਬਨਸਪਤੀ ਸ਼ਾਮਲ ਹੈ। [8]ਜੇ. ਬਰਟਨ ਪੈਨ, "מִשְׁפָּט," *TWOT* ਵਿਚ, 2:874. [9]ਉਸੇ ਸਥਾਨ ਤੇ, 2:874-75. [10]"ਸੱਪ" ਅਦਨ ਦੇ ਬਗੀਚੇ ਵਿਚ ਮਨੁੱਖ ਦੇ ਡਿੱਗਣ ਦੇ ਵਿਚ ਮਨੁੱਖ ਦੀ ਭੂਮਿਕਾ ਦੇ ਵਿਸ਼ੇ ਵਿਚ ਸੁਣਦਾ ਹੈ (3:1, 2, 4, 13, 14, 15)।

[11]ਕੇਨੇਥ ਏ. ਮੈਥਿਊ, *ਜੇਨੇਸਿਸ 11:27-50:26,* ਦ ਨਿਊ ਅਮੇਰੀਕਨ ਕਮੈਂਟਰੀ, ਜਿਲਦ 1B (ਨੈਸ਼ਵਿਲ: ਬਰੋਡਮੈਨ ਐਂਡ ਹੋਲਮੈਨ ਪਬਲਿਸ਼ਰਜ਼ 2005), 411. [12]ਇਕੋ ਨਾਮ ਨੂੰ ਧਾਰਣ ਕਰਨ ਵਾਲੇ ਅਧਿਕਾਰੀਆਂ ਦੀ ਸੰਤਾਨ ਦੀ ਚੋਣ ਦੀਆਂ ਕਈ ਗਵਾਹੀਆਂ ਮੌਜੂਦ ਸਨ। ਇਸ ਵਿਸ਼ੇ ਤੇ ਡੇਰੇਕ ਕਿੰਡਰ ਦੀ ਟਿੱਪਣੀ ਦਿੱਤੀ ਗਈ ਹੈ: "ਦਾਦਿਆਂ ਦੇ ਬਾਅਦ ਕਈ ਵਾਰ ਪੁੱਤਰਾਂ ਦਾ ਨਾਮਕਰਣ ('ਪੈਪੋਨੀਮੀ') ਪਰੰਪਰਾਗਤ ਸੀ। ਮਿਸਰੀ ਸ਼ਾਹੀ ਘਰ ਦੇ ਲਗਭਗ ਸਮਕਾਲੀਨ ਉਦਾਹਰਣ ਵਿਚ ਸ਼ਾਹੀ ਖਾਨਦਾਨ ਅਤੇ ਪ੍ਰਾਂਤੀ ਸ਼ਾਸਕ ਪਰਿਵਾਰ ਨੇ ਚਾਰ ਪੀੜ੍ਹੀਆਂ ਤੱਕ ਇਸ ਨਮੂਨੇ ਨੂੰ ਕਾਇਮ ਰੱਖਿਆ, ਇਸ ਲਈ ਅਮੇਨੇਮੇਸ ਇੱਕ ਨੇ ਖਨੁਮੋਤੇਪ ਇੱਕ ਨੂੰ ਨਿਯੁਕਤ ਕੀਤਾ ਸੀ, ਅਤੇ ਉਸ ਦੇ ਪੋਤੇ ਅਮੇਨੇਮੇਸ ਦੋ ਨੇ ਖਨੁਮੋਤੇਪ ਦੋ ਨੂੰ ਨਿਯੁਕਤ ਕੀਤਾ ਸੀ। ਉਨ੍ਹਾਂ ਦੇ ਨਾਲ ਬਦਲ ਕੇ, ਸੇਸੋਸਟ੍ਰਿਸ ਪਹਿਲੇ ਅਤੇ ਦੂਸਰੇ ਨੇ ਨਾਖਤ ਪਹਿਲਾ ਅਤੇ ਦੂਜਾ ਨਿਯੁਕਤ ਕੀਤਾ, ਅਤੇ ਇਸ ਦੇ ਨਾਲ ਨਾਲ ਕੁਝ ਗੱਲਬਾਤ ਵੀ ਦੁਹਰਾਈ ਗਈ" (ਡੇਰੇਕ ਕਿੰਡਨਰ, *ਜੇਨੇਸਿਰ: ਐਨ ਇੰਟਰੋਡਕਸ਼ਨ ਐਂਡ ਕਮੈਂਟਰੀ,* ਦੀ ਟਿੰਡਲ ਓਲਡ ਟੈਸਟਾਮੈਂਟ ਕਮੈਂਟਰੀਜ਼ [ਡਾਨਰਸ ਗਰੂਵ, ਇਲੀਨੋਇਸ: ਇੰਟਰ-ਵਰਸਟੀ ਪ੍ਰੈੱਸ, 1967], 154, 1)। [13]ਵਿਕਟਰ ਪੀ. ਹੈਮਿਲਟਨ, *ਦ ਬੁਕ ਆਫ਼ ਜੇਨੇਸਿਸ: ਅਧਿਆਇ 18-50,* ਦ ਨਿਊ ਇੰਟਰਨਾਸ਼ਨਲ ਕਮੈਂਟਰੀ ਆਨ ਦੀ ਓਲਡ ਟੈਸਟਾਮੈਂਟ (ਗ੍ਰੈਂਡ ਰੈਪਿਡਸ,: ਵਿਲੀਅਮ ਬੀ, ਈਡਰਮੈਂਸ ਪਬਲਿਸ਼ਿੰਗ ਕੰਪਨੀ, 1995), 207-8. [14]ਵਿਕਟਰ ਪੀ ਹੈਮਿਲਟਨ, "שָׁבַע," *TWOT* ਵਿਚ, 2:899. [15]ਇਸ ਸੰਬੰਧ ਵਿਚ, ਏਸਾਓ ਆਪਣੇ ਪਿਤਾ ਦੇ ਵਾਂਗ ਸੀ, ਜੋ ਉਸ ਸਮੇਂ "ਚਾਲੀ ਸਾਲਾਂ ਦਾ ਸੀ" ਜਦੋਂ ਉਸ ਦਾ ਰਿਬਕਾਹ ਦੇ ਨਾਲ ਵਿਆਹ ਹੋਇਆ ਸੀ (25:20)। [16]ਇਨ੍ਹਾਂ ਹਿੱਤੀਆਂ ਨੂੰ ਕਨਾਨੀਆਂ ਦਾ ਇੱਕ ਉਪਸਮੂਹ ਮੰਨਿਆ ਜਾਂਦਾ ਸੀ (10:15; 36:2; 23:3 ਤੇ ਟਿੱਪਣੀਆਂ ਵੇਖੋ)। [17]ਵਾਲਟਰ ਬਾਯਰ, *ਏ ਗ੍ਰੀਕ. ਇੰਗਲਿਸ਼ ਲੈਕਸੀਕਨ ਆਫ਼ ਦ ਨਿਊ ਟੈਸਟਾਮੈਂਟ ਐਂਡ ਅਦਰ ਅਰਲੀ ਕ੍ਰਿਸਚੀਅਨ ਲਿਟ੍ਰੇਚਰ,* ਤੀਸਰਾ ਸੰਸਕਰਣ, ਸੋਧਿਆ ਸੰਸਕਰਣ ਅਤੇ ਸੰਪਾਦਨ ਫਰੈਡਰਿਕ ਡਬਲਿਯੂ ਦਨਕਰ (ਸ਼ਿਕਾਗੋ: ਯੂਨੀਵਰਸਿਟੀ ਆਫ਼ ਸ਼ਿਕਾਗੋ ਪ੍ਰੈੱਸ, 2000), 173. [18]ਤਕਨੀਕੀ ਤੌਰ ਤੇ ਬੋਲਦੇ ਹੋਏ, ਉਨ੍ਹਾਂ ਸਥਾਨਾਂ ਤੇ ਅਬਰਾਹਾਮ ਦੇ ਧੋਖੇ ਇਸਹਾਕ ਦੇ ਜਨਮ ਤੋਂ ਪਹਿਲਾਂ ਹੋਏ ਸਨ (21:1-3)। ਤਾਂ ਵੀ, ਇੰਝ ਜਾਪਦਾ ਹੈ ਕਿ ਜਦੋਂ ਵੀ ਅਬਰਾਹਾਮ ਮੁਸੀਬਤ ਵਿਚ ਪੈਂਦਾ ਸੀ ਉਹ ਨਿਰੰਤਰ ਬੇਈਮਾਨੀ ਦੇ ਨਾਲ ਸੰਘਰਸ਼ ਕਰਦਾ ਰਿਹਾ। ਜੇਕਰ ਅਜਿਹਾ ਸੀ, ਤਾਂ ਇਸ ਦਾ ਅਰਥ ਇਹ ਹੈ ਕਿ ਇਸਹਾਕ ਨੇ ਆਪਣੇ ਪਿਤਾ ਅਬਰਾਹਾਮ ਦੀ ਨਾਕਾਰਾਤਮਕ ਉਦਾਹਰਣ ਤੋਂ ਝੂਠ ਬੋਲਣਾ ਸਿੱਖਿਆ। [19]ਅਬਰਾਹਾਮ ਬੇਪਰਵਾਹੀ ਦੇ ਨਾਲ ਖੜਾ ਨਹੀਂ ਰਹਿ ਸਕਿਆ ਜਦੋਂ ਮਸੋਪੋਤਾਮੀਆ ਦੇ ਚਾਰ ਰਾਜਿਆਂ ਨੇ ਲੂਤ, ਉਸ ਦੇ ਪਰਿਵਾਰ, ਅਤੇ ਸਦੂਮ ਦੇ ਲੋਕਾਂ ਨੂੰ ਜਬਰਦਸਤੀ ਬੰਦੀ ਬਣਾ ਲਿਆ ਅਤੇ ਉਨ੍ਹਾਂ ਨੂੰ ਇੱਕ ਗੁਲਾਮੀ ਦਾ ਜੀਵਨ ਬਿਤਾਉਣ ਦੇ ਲਈ ਲੈ ਗਏ। ਇਹ ਅਬਰਾਹਾਮ ਦੇ ਦੁਸ਼ਮਣਾਂ ਦੇ ਕੋਲੋਂ ਕੋਈ ਵਿਅਕਤੀਗਤ ਬਦਲਾ ਲੈਣਾ ਨਹੀਂ ਸੀ, ਪਰ ਇਹ ਕਿਸੇ ਨੂੰ ਇੱਕ ਅਜਿਹੇ ਜੀਵਨ ਤੋਂ ਬਚਾਉਣ ਦੇ ਲਈ ਆਪਣੇ ਜੀਵਨ ਨੂੰ ਖਤਰੇ ਵਿਚ ਪਾਉਣਾ ਸੀ ਜੋ ਜੀਵਨ ਮੌਤ ਤੋਂ ਵੀ ਬੁਰਾ ਸੀ।